# ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ

ਮਿਤੀ 09/11/2025

## ਜਨਤਕ ਨੋਟਿਸ

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ ਵੱਲੋ **Written Test for recruitment to the Post of Multipurpose Health Worker (Female) under Department of Health and Family Welfare, Govt. of Punjab** ਦੀ ਭਰਤੀ ਲਈ ਮਿਤੀ 09/11/2025 ਦਿਨ ਐਤਵਾਰ ਨੂੰ ਭਰਤੀ ਪ੍ਰੀਖਿਆ ਕੇਂਦਰ ਬਣਾ ਕੇ ਕਰਵਾਈ ਗਈ ਸੀ ਇਸ ਪੇਪਰ ਦੀ Answer Key/Question Booklet ਯੂਨੀਵਰਸਿਟੀ ਦੀ ਵੈਬਸਾਈਟ www.bfuhs.ac.in ਤੇ ਅਪਲੋਡ ਕਰ ਦਿੱਤੀ ਗਈ ਹੈ, ਜੇਕਰ ਕਿਸੇ ਵੀ ਉਮੀਦਵਾਰ ਨੂੰ Answer Key ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਉਮੀਦਵਾਰ ਦਸਤੀ ਫੀਸ Rs. 500/- (Five Hundred only) Bank Demand Draft in favour of Registrar, BFUHS, Faridkot payable at Faridkot or Online fee (ਯੂਨੀਵਰਸਿਟੀ ਵੈੱਬਸਾਈਟ ਦੁਆਰਾ) ਭਰਨ ਉਪਰੰਤ ਰਸੀਦ ਨੱਥੀ ਕਰਕੇ ਭਰਤੀ ਸ਼ਾਖਾ, ਕਮਰਾ ਨੰਬਰ-102, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ ਵਿਖੇ ਆਪਣਾ ਇਤਰਾਜ਼ **ਮਿਤੀ 10/11/2025 (05:00 PM)** ਤੱਕ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਤ ਫੀਸ ਤੋਂ ਬਿਨਾਂ ਕੋਈ ਵੀ ਇਤਰਾਜ਼ ਵਿਚਾਰਿਆ ਨਹੀ ਜਾਵੇਗਾ।

ਉਪਰੋਕਤ ਦਿੱਤੇ ਗਏ ਸਮੇਂ ਤੋ ਬਾਅਦ ਵਿੱਚ ਪ੍ਰਾਪਤ ਹੋਏ ਇਤਰਾਜ਼ ਵਿਚਾਰੇ ਨਹੀ ਜਾਣਗੇ ਅਤੇ ਪ੍ਰਾਪਤ ਹੋਏ ਇਤਰਾਜ਼ ਦਾ ਨਿਪਟਾਰਾ ਕਰਨ ਤੋਂ ਬਾਅਦ ਉਪਰੋਕਤ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

**ਨੋਟ: ਡਾਕ/ਈਮੇਲ ਰਾਹੀਂ ਪ੍ਰਾਪਤ ਹੋਏ ਇਤਰਾਜ਼ ਪ੍ਰਵਾਨ ਨਹੀਂ ਕੀਤੇ ਜਾਣਗੇ।**

**ਸਹੀ/-**

ਰਜਿਸਟਰਾਰ

# ਬਾਬਾ ਫਰੀਦ ਯੂਨੀਵਰਸਿਟੀ ਆੱਫ ਹੈਲਥ ਸਾਇੰਸਿਜ਼ ਫਰੀਦਕੋਟ

| ਮਲਟੀਪਰਪਜ਼ ਹੈਲਥ ਵਰਕਰ (ਫੀਮੇਲ)<br>(under Department of Health & Family Welfare, Punjab) | |
|---|---|

ਪ੍ਰਸ਼ਨ ਪੁਸਤਕ ਨੰ:

ਉਮੀਦਵਾਰ ਦੇ ਹਸਤਾਖਰ

ਓ.ਐੱਮ.ਆਰ. (OMR) ਸ਼ੀਟ ਨੰ:

ਰੋਲ ਨੰਬਰ:

ਉਮੀਦਵਾਰ ਦਾ ਅੰਗੂਠੇ ਦਾ ਨਿਸ਼ਾਨ

ਇਨਵੀਜੀਲੇਟਰ ਦੇ ਹਸਤਾਖਰ

ਕੋਆਰਡੀਨੇਟਰ ਮੋਹਰ (Stamp)

**ਸਮਾਂ 2:30 ਘੰਟਾ (ਸਵੇਰੇ 11:00 ਵਜੇ ਤੋਂ 01:30 ਵਜੇ ਤੱਕ)** **ਅੰਕ:140**

1. ਸਿਰਫ ਕਾਲਾ/ਨੀਲਾ ਬਾਲ ਪੈੱਨ ਦੀ ਹੀ ਵਰਤੋ ਕੀਤੀ ਜਾਵੇ, ਪੈਨਸਿਲ ਦੀ ਵਰਤੋ ਨਾ ਕੀਤੀ ਜਾਵੇ।
2. ਆਪਣਾ ਰੋਲ ਨੰਬਰ ਓ ਐਮ ਆਰ (OMR Sheet) ਸ਼ੀਟ ਅਤੇ ਪ੍ਰਸ਼ਨ ਪੁਸਤਿਕਾ (Question Booklet) ਤੇ ਬਣੇ ਖਾਨੇ ਵਿੱਚ ਹੀ ਲਿਖਿਆਂ ਜਾਵੇ ਨਾ ਕਿ ਕਿਸੇ ਹੋਰ ਜਗ੍ਹਾਂ ਉਤੇ ਲਿਖਿਆਂ ਜਾਵੇ।
3. ਪ੍ਰਸ਼ਨ ਪੁਸਤਿਕਾ ਵਿੱਚ ਜਾਂ ਓ ਐੱਮ ਆਰ ਸ਼ੀਟ ਉੱਤੇ ਕਿਸੇ ਵੀ ਪ੍ਰਕਾਰ ਦਾ ਕੋਈ ਨਿਸ਼ਾਨ ਨਾ ਲਗਾਓ।
4. 140 ਪ੍ਰਸ਼ਨ ਅਤੇ ਇਨ੍ਹਾਂ ਸਾਰਿਆ ਦਾ 1-1 ਨੰਬਰ ਹੈ। ਪ੍ਰਸ਼ਨ ਦਾ ਉੱਤਰ ਦੇਣ ਤੋ ਪਹਿਲਾ ਜਾਂਚ ਜਰੂਰ ਕਰੋ ਕਿ ਉਸ ਦਾ ਸਹੀ ਉੱਤਰ ਕੀ ਹੈ।ਜਾਂਚ ਕਰੋ ਕਿ ਉੱਤਰ ਕਾਪੀ ਦੇ ਪੇਜ ਸਾਰੇ ਪੂਰੇ ਹਨ ਜੇਕਰ ਕੋਈ ਵੀ ਪੇਜ ਗਾਇਬ ਹੈ ਤਾਂ ਪ੍ਰੀਖਿਆ ਸ਼ੁਰੂ ਹੋਣ ਤੋ 5 ਮਿੰਟ ਪਹਿਲਾ ਸੈਂਟਰ ਸੁਪਰਡੈਂਟ ਨੂੰ ਸੂਚਿਤ ਕੀਤਾ ਜਾਵੇ।
5. **ਹਰੇਕ ਪ੍ਰਸ਼ਨ ਦੇ ਬਾਅਦ ਚਾਰ ਵਿਕਲਪਿਕ ਉਤਰਾ A, B, C, D, ਵਿਚੋ ਕੋਈ ਇੱਕ ਸਹੀ/ ਸਭ ਤੋ ਸਹੀ ਹੈ। ਜੇਕਰ ਸਾਰੇ ਗੋਲੇ (ovals) ਖਾਲੀ ਛੱਡ ਦਿੱਤੇ ਜਾਂਦੇ ਹਨ, ਤਾਂ ਹਰੇਕ ਅਜਿਹੇ ਪ੍ਰਸ਼ਨ ਲਈ 0.25 ਅੰਕ ਦੀ ਕਟੌਤੀ ਕੀਤੀ ਜਾਵੇਗੀ। ਪੰਜਵਾ ਗੋਲਾ (E) (ਸੁਰੱਖਿਆ ਮੰਤਵ ਲਈ ਹੈ ਜੇਕਰ ਤੁਸੀ ਕੋਈ ਪ੍ਰਸ਼ਨ ਹੱਲ ਨਹੀ ਕਰਨਾ ਚਾਹੁੰਦੇ ਤਾਂ ਗੋਲਾ (E) ਨੂੰ ਕਾਲਾ ਕੀਤਾ ਜਾਵੇ।**
6. **As per the instructions of Govt. of Punjab, Department of Personnel letter no. 1/2/2022-5PP/659 dated 16/11/2022, the candidate are compulsory required to qualify the <u>Punjabi language Part-A of question paper</u> by scoring atleast 50% marks failing which the candidate will not be eligible.**
7. ਪ੍ਰਸ਼ਨ ਪੁਸਤਿਕਾ ਨੂੰ ਜਦੋ ਖੋਲਣ ਲਈ ਕਿਹਾ ਜਾਵੇ ਤਾਂ ਉਸ ਦੀ ਸੀਲ ਨੂੰ ਧਿਆਨ ਨਾਲ ਹਟਾਇਆ ਜਾਵੇ। ਪ੍ਰੀਖਿਆ ਦਾ ਸਮਾ ਸਮਾਪਤ ਹੋਣ ਓਪਰੰਤ ਅਤੇ ਪ੍ਰੀਖਿਆ ਭਵਨ ਨੂੰ ਛੱਡਣ ਤੋ ਪਹਿਲਾ ਓ ਐਮ ਆਰ ਸ਼ੀਟ ਡਿਊਟੀ ਤੇ ਹਾਜਿਰ ਅਧਿਕਾਰੀ ਨੂੰ ਸੌਂਪੀ ਜਾਵੇ।
8. ਕਿਸੇ ਵੀ ਸਥਿੱਤੀ ਵਿੱਚ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਜਾਂ ਉਸ ਦਾ ਕੋਈ ਭਾਗ ਜਾਂ ਉਸ ਵਿੱਚੋ ਕੁਝ ਕਾਪੀ ਜਾਂ ਨੋਟ ਕੀਤੀ ਸਮੱਗਰੀ ਪ੍ਰੀਖਿਆ ਭਵਨ ਤੋ ਬਾਹਰ ਨਾ ਲਿਜਾਈ ਜਾਵੇ। ਕੋਈ ਵੀ ਉਮੀਦਵਾਰ ਇਹ ਕਰਦਾ ਪਾਇਆ ਗਿਆ ਤਾਂ ਉਸ ਨੂੰ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ।
9. ਪ੍ਰੀਖਿਆ ਪੂਰੀ ਹੋਣ ਤੋਂ ਬਾਅਦ ਉਮੀਦਵਾਰ ਕੇਵਲ ਆਪਣੀ ਪ੍ਰਸ਼ਨ ਪੁਸਤਿਕਾ ਹੀ ਆਪਣੇ ਨਾਲ ਲਿਜਾ ਸਕਦਾ ਹੈ। ਪਰ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਨੂੰ Invigilator ਨੂੰ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਜੇਕਰ ਉਮੀਦਵਾਰ ਦੁਆਰਾ ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) Invigilator ਨੂੰ ਜਮ੍ਹਾ ਨਹੀ ਕਰਵਾਈ ਜਾਂਦੀ ਤਾਂ ਉਮੀਦਵਾਰ ਦੀ ਪ੍ਰੀਖਿਆ ਰੱਦ ਕਰ ਦਿੱਤੀ ਜਾਵੇਗੀ।
10. ਜਿਹੜਾ ਉਮੀਦਵਾਰ ਪ੍ਰੀਖਿਆ ਵਿੱਚ ਕਿਸੇ ਕਿਸਮ ਦੀ ਗੜਬੜ ਪੈਦਾ ਕਰਦਾ ਹੈ ਜਾਂ ਆਪਣੀ ਸੀਟ ਬਦਲਦਾ ਹੈ ਜਾਂ ਉਸ ਕੋਲੋ ਕਿਸੇ ਕਿਸਮ ਦੀ ਪ੍ਰੀਖਿਆਂ ਵਿੱਚ ਸਹਾਇਤਾ ਲੈਣ ਵਾਲਾ ਕਾਗਜ ਮਿਲਦਾ ਹੈ ਤਾਂ ਉਸ ਨੂੰ ਸੈਂਟਰ ਸੁਪਰਡੈਂਟ/ ਅਬਜ਼ਰਵਰ ਦੁਆਰਾ ਪ੍ਰੀਖਿਆ ਵਿੱਚੋ ਬਾਹਰ ਕੱਢ ਦਿੱਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਹੋਵੇਗਾ। ਇਸ ਉਦੇਸ਼ ਲਈ **"ਬਾਹਰ ਕੱਢੇ ਜਾਣ"** ਦਾ ਅਰਥ ਹੈ ਕਿ ਉਮੀਦਵਾਰ ਦੀ ਪੂਰੀ ਪ੍ਰੀਖਿਆਂ ਨੂੰ ਰੱਦ ਸਮਝਿਆ ਜਾਵੇਗਾ।
11. ਉਮੀਦਵਾਰ ਕਿਸੇ ਵੀ ਕਿਸਮ ਦੇ ਦੂਰਸੰਚਾਰ ਉਪਕਰਨ ਜਿਵੇ ਕਿ ਪੇਜਰ, ਸੈਲੂਲਰ ਫੋਨ, ਵਾਇਰਲੈਸ ਸੈੱਟ, ਬਲੂ ਟੂਥ ਡਵਾਈਸ, ਸਕੈਨਰ ਆਦਿ ਪ੍ਰੀਖਿਆ ਭਵਨ ਵਿੱਚ ਨਹੀਂ ਲਿਆ ਸਕਦਾ।
12. ਪ੍ਰਸ਼ਨ ਪੱਤਰਿਕਾ ਦਾ ਖਾਲੀ ਭਾਗ ਕੱਚਾ ਕੰਮ ਲਈ ਵਰਤਿਆ ਜਾ ਸਕਦਾ ਹੈ।
13. ਇਮਤਿਹਾਨ ਦੌਰਾਨ ਉਮੀਦਵਾਰ ਨੂੰ ਹਾਲ ਤੋ ਬਾਹਰ ਨਹੀ ਜਾਣ ਦਿੱਤਾ ਜਾਵੇਗਾ।
14. ਉਮੀਦਵਾਰ ਨੂੰ ਕਿਸੇ ਤੋ ਕਿਸੇ ਕਿਸਮ ਦੀ ਕੋਈ ਵੀ ਸਮੱਗਰੀ ਲੈਣ ਦੀ ਆਗਿਆ ਨਹੀ ਹੈ।
15. ਉੱਤਰ ਪੁਸਤਿਕਾ (ਓ ਐਮ ਆਰ ਸ਼ੀਟ) ਕੰਪਿਊਟਰ ਦੁਆਰਾ ਜਾਂਚੀ ਜਾਣੀ ਹੈ, ਜੇਕਰ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀ ਕੀਤੀ ਗਈ ਤਾਂ ਹੋਣ ਵਾਲੇ ਨੁਕਸਾਨ ਦੀ ਜ਼ੁੰਮੇਵਾਰੀ ਉਮੀਦਵਾਰ ਦੀ ਹੋਵੇਗੀ।
16. ਉਮੀਦਵਾਰ ਨੂੰ ਪ੍ਰੀਖਿਆਂ ਭਵਨ ਵਿੱਚ ਧੂਮਰਪਾਨ/ ਖਾਣ ਦੀ ਵਸਤੂ ਵਰਤਨ ਦੀ ਆਗਿਆ ਨਹੀ ਹੈ।
17. ਪੁਰਸ਼ ਉਮੀਦਵਾਰ ਦੁਆਰਾ ਓ ਐਮ ਆਰ ਸ਼ੀਟ, ਪ੍ਰਸ਼ਨ ਪੁਸਤਿਕਾ ਅਤੇ ਹਾਜਰੀ ਸ਼ੀਟ ਤੇ ਨਿਰਧਾਰਤ ਜਗ੍ਹਾ ਉੱਤੇ ਖੱਬੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਅਤੇ ਇਸਤਰੀ ਉਮੀਦਵਾਰ ਦੁਆਰਾ ਨਿਰਧਾਰਤ ਜਗ੍ਹਾ ਉੱਤੇ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਂਨ ਲਗਾਇਆ ਜਾਵੇ।
18. ਉਮੀਦਵਾਰ ਦੁਆਰਾ ਹਾਜਰੀ ਸ਼ੀਟ ਤੇ ਓ ਐਮ ਆਰ ਸ਼ੀਟ ਅਤੇ ਪ੍ਰਸ਼ਨ ਪੁਸਤਿਕਾ ਦਾ ਨੰਬਰ ਭਰਿਆ ਜਾਵੇ।
19. ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਭਵਨ ਵਿੱਚੋ **ਦੁਪਿਹਰ 1:30 ਵਜੇ** ਤੋ ਪਹਿਲਾ ਬਾਹਰ ਨਹੀ ਭੇਜਿਆ ਜਾਵੇਗਾ।

## Part-A

1. ਬਿੰਦੀ ( ਂ ) ਅਤੇ ਟਿੱਪੀ ( ੰ ) ਦੀ ਵਰਤੋਂ ਕਿਵੇਂ ਹੁੰਦੀ ਹੈ?
ੳ. ਵਰਨਾਂ ਅਨੁਸਾਰ
ਅ. ਲਗਾਂ ਅਨੁਸਾਰ
ੲ. ਦੁੱਤ ਅੱਖਰਾਂ ਅਨੁਸਾਰ
ਸ. ਵਿਸਰਾਮ-ਚਿੰਨ੍ਹਾਂ ਅਨੁਸਾਰ।

2. ਅਧਕ ਦੀ ਵਰਤੋਂ ਕਿਹੜੀਆਂ ਲਗਾਂ ਨਾਲ਼ ਕੀਤੀ ਜਾ ਸਕਦੀ ਹੈ?
ੳ. ਕੰਨਾ, ਸਿਹਾਰੀ, ਬਿਹਾਰੀ ਨਾਲ਼
ਅ. ਔਂਕੜ, ਦੁਲੈਂਕੜ, ਲਾਂ ਨਾਲ਼
ੲ. ਦੁਲਾਵਾਂ, ਹੋੜਾ, ਕਨੌੜਾ ਨਾਲ਼
ਸ. ਮੁਕਤਾ, ਸਿਹਾਰੀ, ਔਂਕੜ ਨਾਲ਼।

3. ਪੰਜਾਬੀ ਵਿੱਚ ਸ੍ਵਰ-ਵਾਹਕ ਅੱਖਰ ਕਿੰਨੇ ਹਨ?
ੳ. ਦਸ
ਅ. ਤਿੰਨ
ੲ. ਅੱਠ
ਸ. ਪੰਜ।

4. ਜਿਸ ਧੁਨੀ ਦੇ ਉਚਾਰਨ ਸਮੇਂ ਉਚਾਰਨ ਅੰਗ ਸਾਹ ਵਿੱਚ ਥੋੜ੍ਹੀ-ਬਹੁਤੀ ਰੁਕਾਵਟ ਪੈਦਾ ਕਰਦੇ ਹਨ, ਉਸ ਨੂੰ ਕੀ ਕਹਿੰਦੇ ਹਨ?
ੳ. ਸ੍ਵਰ
ਅ. ਵਿਅੰਜਨ
ੲ. ਅਨੁਨਾਸਿਕ
ਸ. ਉਪਰੋਕਤ ਸਾਰੇ।

5. ਵਿਆਕਰਨ ਵਿੱਚ ਸ਼ਬਦਾਂ ਦੀ ਵਿਆਖਿਆ ਕਰਨ ਵਾਲ਼ੇ ਭਾਗ ਦਾ ਨਾਂ ਕੀ ਹੈ?
ੳ. ਧੁਨੀ-ਬੋਧ
ਅ. ਸ਼ਬਦ-ਬੋਧ
ੲ. ਵਾਕ-ਬੋਧ
ਸ. ਅਰਥ-ਬੋਧ

6. 'ਸਿਮਰਤੀ' ਸ਼ਬਦ ਤੋਂ ਕੀ ਭਾਵ ਹੈ?
ੳ. ਯਾਦ
ਅ. ਨੇਜਾ
ੲ. ਸੋਟੀ
ਸ. ਤਲਵਾਰ।

7. 'ਖੇੜਾ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ:
ੳ. ਗੁਆਚਿਆ
ਅ. ਖ਼ੁਸ਼ੀ
ੲ. ਖੇਡਣਾ
ਸ. ਘੁੰਮਣਾ।

8. ਉਹ ਸ਼ਬਦ ਜਿਨ੍ਹਾਂ ਦੇ ਵੱਖ-ਵੱਖ ਪ੍ਰਸੰਗਾਂ ਵਿੱਚ ਵਰਤਣ ਨਾਲ਼ ਵੱਖਰਾ ਭਾਵ ਪ੍ਰਗਟ ਹੁੰਦਾ ਹੈ, ਉਹਨਾਂ ਨੂੰ ਕਹਿੰਦੇ ਹਨ:
ੳ. ਬਹੁਅਰਥਕ ਸ਼ਬਦ
ਅ. ਸਮਾਨਾਰਥਕ ਸ਼ਬਦ
ੲ. ਵਿਰੋਧਾਰਥਕ ਸ਼ਬਦ
ਸ. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

9. 'ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ' ਅਖਾਣ ਕਿਸ ਲਈ ਵਰਤਿਆ ਜਾਂਦਾ?
ੳ. ਨਿਕੰਮੇ ਆਦਮੀ ਲਈ
ਅ. ਜਿਹੜਾ ਗੱਲਾਂ ਬਹੁਤ ਕਰੇ ਪਰ ਕੰਮ ਕੋਈ ਨਾ ਕਰ ਸਕੇ
ੲ. ਚਲਾਕ ਆਦਮੀ ਲਈ
ਸ. ੳ ਅਤੇ ਅ ਦੋਵੇਂ ਸਹੀ।

10. ਪੰਜਾਬੀ ਵਿੱਚ ਕਿੰਨੇ ਵਿਸਰਾਮ-ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ?
ੳ. ਪੰਜ
ਅ. ਦਸ
ੲ. ਗਿਆਰਾਂ
ਸ. ਤੇਰਾਂ।

11. ਨਾਨਕਸ਼ਾਹੀ ਸਿੱਕਾ ਕਿਸ ਨੇ ਜਾਰੀ ਕੀਤਾ?
ੳ. ਗੁਰੂ ਗੋਬਿੰਦ ਸਿੰਘ ਜੀ
ਅ. ਬਾਬਾ ਬੰਦਾ ਸਿੰਘ ਬਹਾਦਰ
ੲ. ਮਹਾਰਾਜਾ ਰਣਜੀਤ ਸਿੰਘ
ਸ. ਜੱਸਾ ਸਿੰਘ ਰਾਮਗੜ੍ਹੀਆ।

12. ਸ਼ੇਖ਼ ਫ਼ਰੀਦ ਜੀ ਦੇ ਮੁਰਸ਼ਦ ਦਾ ਕੀ ਨਾਂ ਸੀ?
ੳ. ਬਖ਼ਤਿਆਰ ਕਾਕੀ
ਅ. ਇਨਾਇਤ ਸ਼ਾਹ
ੲ. ਵਾਰਿਸ ਸ਼ਾਹ
ਸ. ਨਿਜ਼ਾਮੁਦੀਨ ਔਲੀਆ।

13. 'ਛਪਾਰ ਦਾ ਮੇਲਾ' ਕਿਹੜੇ ਦੇਸੀ ਮਹੀਨੇ ਲੱਗਦਾ ਹੈ?
ੳ. ਸਾਉਣ
ਅ. ਫੱਗਣ
ੲ. ਭਾਦੋਂ
ਸ. ਚੇਤ।

14. 'ਆਈ ਮੇਖ, ਜੱਟਾ ਕੱਚੀ ਪੱਕੀ ਨਾ ਦੇਖ' ਵਿੱਚ 'ਮੇਖ' ਤੋਂ ਕੀ ਭਾਵ ਹੈ?
ੳ. ਮੀਂਹ
ਅ. ਵਿਸਾਖੀ
ੲ. ਮੇਲਾ
ਸ. ਵਾਢੀ।

15. ਵਿਆਹ ਸਮੇਂ ਲੜਕੇ ਵਾਲ਼ਿਆਂ ਦੇ ਘਰ ਕਿਹੜੇ ਗੀਤ ਗਾਏ ਜਾਂਦੇ ਹਨ?
ੳ. ਸੁਹਾਗ
ਅ. ਲੋਰੀਆਂ
ੲ. ਘੋੜੀਆਂ
ਸ. ਅਲਾਹੁਣੀਆਂ।

16. 'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ' ਵਿੱਚ 'ਸਰਕਾਰ' ਕਿਸ ਨੂੰ ਕਿਹਾ ਗਿਆ ਹੈ?
ੳ. ਬਾਬਾ ਬੰਦਾ ਸਿੰਘ ਬਹਾਦਰ
ਅ. ਹਰੀ ਸਿੰਘ ਨਲੂਆ
ੲ. ਮਹਾਰਾਜਾ ਰਣਜੀਤ ਸਿੰਘ
ਸ. ਗੁਰੂ ਗੋਬਿੰਦ ਸਿੰਘ ਜੀ।

17. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?
ੳ. ਪੰਦਰਾਂ ਅਪਰੈਲ ਚੌਦਾਂ ਸੌ ਉਣੱਤਰ
ਅ. ਪੰਦਰਾਂ ਅਗਸਤ ਚੌਦਾਂ ਸੌ ਉਣੱਤਰ
ੲ. ਪੰਦਰਾਂ ਅਕਤੂਬਰ ਚੌਦਾਂ ਸੌ ਉਣੱਤਰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

18. 'ਅਕਾਲ ਉਸਤਤਿ' ਕਿਸ ਗੁਰੂ ਸਾਹਿਬ ਦੀ ਰਚਨਾ ਹੈ?
ੳ. ਗੁਰੂ ਨਾਨਕ ਦੇਵ ਜੀ ਦੀ
ਅ. ਗੁਰੂ ਅਰਜਨ ਦੇਵ ਜੀ ਦੀ
ੲ. ਗੁਰੂ ਅਮਰਦਾਸ ਜੀ ਦੀ
ਸ. ਗੁਰੂ ਗੋਬਿੰਦ ਸਿੰਘ ਜੀ ਦੀ।

19. ਗੁਰੂ ਅਮਰਦਾਸ ਜੀ ਨੇ ਬਾਣੀ ਕਿੰਨੇ ਰਾਗਾਂ ਵਿੱਚ ਰਚੀ?
ੳ. 19 ਰਾਗਾਂ ਵਿੱਚ
ਅ. 17 ਰਾਗਾਂ ਵਿੱਚ
ੲ. 29 ਰਾਗਾਂ ਵਿੱਚ
ਸ. 31 ਰਾਗਾਂ ਵਿੱਚ।

20. 'ਮੇਰਾ ਮਨ ਲੋਚੈ ਗੁਰਦਰਸਨ ਤਾਈ' ਰਚਨਾ ਕਿਸ ਗੁਰੂ ਸਾਹਿਬ ਦੁਆਰਾ ਰਚੀ ਹੋਈ ਹੈ?
ੳ. ਗੁਰੂ ਨਾਨਕ ਦੇਵ ਜੀ ਦੁਆਰਾ
ਅ. ਗੁਰੂ ਅੰਗਦ ਦੇਵ ਜੀ ਦੁਆਰਾ
ੲ. ਗੁਰੂ ਅਰਜਨ ਦੇਵ ਜੀ ਦੁਆਰਾ
ਸ. ਗੁਰੂ ਗੋਬਿੰਦ ਸਿੰਘ ਜੀ ਦੁਆਰਾ।

21. ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਕਦੋਂ ਹੋਇਆ?
ੳ. 14 ਅਪਰੈਲ, 1851
ਅ. 14 ਅਪਰੈਲ, 1891
ੲ. 13 ਅਪਰੈਲ, 1929
ਸ. ਉਪਰੋਕਤ ਵਿੱਚੋਂ ਕੋਈ ਨਹੀਂ।

22. ਕਰਤਾਰ ਸਿੰਘ ਸਰਾਭਾ ਦਾ ਜਨਮ ਕਦੋਂ ਹੋਇਆ?
ੳ. 1880 ਈ. ਨੂੰ
ਅ. 1896 ਈ. ਨੂੰ
ੲ. 1905 ਈ. ਨੂੰ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

23. ਸ਼ਹੀਦ ਭਗਤ ਸਿੰਘ ਨੂੰ ਫ਼ਾਂਸੀ ਕਦੋਂ ਦਿੱਤੀ ਗਈ?
ੳ. 13 ਮਾਰਚ, 1930 ਨੂੰ ਅ. 23 ਮਾਰਚ, 1930 ਨੂੰ
ੲ. 28 ਸਤੰਬਰ, 1907 ਨੂੰ ਸ. 23 ਮਾਰਚ, 1931 ਨੂੰ

24. ਗਾਂਧੀ ਜੀ ਨੂੰ 'ਮਹਾਤਮਾ' ਦੀ ਉਪਾਧੀ ਕਿਸ ਨੇ ਦਿੱਤੀ?
ੳ. ਰਾਬਿੰਦਰ ਨਾਥ ਟੈਗੋਰ ਨੇ
ਅ. ਜਵਾਹਰ ਲਾਲ ਨਹਿਰੂ ਨੇ
ੲ. ਸਰਦਾਰ ਵੱਲਭਭਾਈ ਪਟੇਲ ਨੇ
ਸ. ਸੁਭਾਸ਼ ਚੰਦਰ ਬੋਸ ਨੇ।

25. ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਦੋਂ ਕੀਤੀ?
ੳ. 1699 ਈ.
ਅ. 1666 ਈ.
ੲ. 1672 ਈ.
ਸ. ਉਪਰੋਕਤ ਵਿੱਚੋਂ ਕੋਈ ਨਹੀਂ।

26. 'ਮਿਠਤੁ ਨੀਵੀ ਨਾਨਕਾ, ..........................।' ਸਤਰ ਪੂਰੀ ਕਰੋ -
ੳ. ਪੱਲੇ ਸਭ ਕੁਝ ਪਾਏ
ਅ. ਗੁਣ ਚੰਗਿਆਈਆ ਤਤੁ
ੲ. ਸਭ ਲਈ ਚੰਗੀ ਹੋਇ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

27. ਗੁਰੂ ਅਮਰਦਾਸ ਜੀ ਦੀ ਗੁਰਗੱਦੀ ਸਮੇਂ ਕਿੰਨੀ ਉਮਰ ਸੀ?
ੳ. 45 ਸਾਲ ਅ. 54 ਸਾਲ
ੲ. 73 ਸਾਲ ਸ. 62 ਸਾਲ।

28. ਗ਼ਦਰ ਅਖ਼ਬਾਰ ਦੇ ਪੰਜਾਬੀ ਅਡੀਸ਼ਨ ਦੀ ਜ਼ੁੰਮੇਵਾਰੀ ਕਿਸ ਦੀ ਸੀ?
ੳ. ਭਗਤ ਸਿੰਘ
ਅ. ਲਾਲਾ ਹਰਦਿਆਲ
ੲ. ਕਰਤਾਰ ਸਿੰਘ ਸਰਾਭਾ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

29. ਮਹਾਤਮਾ ਗਾਂਧੀ ਨੇ ਪਹਿਲੀ ਵਾਰ ਸੱਤਿਆਗ੍ਰਹਿ ਦਾ ਪ੍ਰਯੋਗ ਕਿੱਥੇ ਕੀਤਾ?
ੳ. ਦੱਖਣੀ ਅਫ਼ਰੀਕਾ ਅ. ਦਾਂਡੀ
ੲ. ਚੰਮਪਾਰਨ ਸ. ਬਾਰਦੋਲੀ

30. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਦਾ ਨਾਂ ਕੀ ਸੀ?
ੳ. ਮਾਤਾ ਤ੍ਰਿਪਤਾ ਜੀ ਅ. ਮਾਤਾ ਭਾਨੀ ਜੀ
ੲ. ਮਾਤਾ ਗੰਗਾ ਜੀ ਸ. ਮਾਤਾ ਸੁਲੱਖਣੀ ਜੀ।

31. ਜ਼ਿਲ੍ਹਾ ਜਲੰਧਰ ਹੇਠ ਲਿਖਿਆਂ ਵਿੱਚੋਂ ਕਿਹੜਾ ਇਲਾਕਾ ਹੈ?
ੳ. ਮਾਲਵਾ ਅ. ਮਾਝਾ
ੲ. ਦੁਆਬਾ ਸ. ਪੁਆਧ।

32. 'ਲਾ' ਅਗੇਤਰ ਲਗਾ ਕੇ ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸਹੀ ਹੈ?
ੳ. ਲਾਲ
ਅ. ਲਾਇਬ੍ਰੇਰੀ
ੲ. ਲਾਜਵਾਬ
ਸ. ਉਪਰੋਕਤ ਸਾਰੇ।

33. 'ਠੱਗੀ' ਸ਼ਬਦ ਕੀ ਹੈ?
ੳ. ਆਮ ਨਾਂਵ ਅ. ਭਾਵਵਾਚਕ ਨਾਂਵ
ੲ. ਇਕੱਠਵਾਚਕ ਨਾਂਵ ਸ. ਖ਼ਾਸ ਨਾਂਵ।

34. "ਵਾਹ! ਕਿੰਨਾ ਸੁੰਦਰ ਫੁੱਲ ਹੈ।" ਵਾਕ ਦੀ ਕਿਸਮ ਦੱਸੋ।
ੳ. ਹਾਂ-ਵਾਚਕ ਅ. ਵਿਸਮਕ-ਵਾਚਕ
ੲ. ਪ੍ਰਸ਼ਨ-ਵਾਚਕ ਸ. ਸਧਾਰਨ ਵਾਕ।

35. ਅਗੇਤਰ ਜਾਂ ਪਿਛੇਤਰ ਲਾ ਕੇ ਬਣੇ ਸ਼ਬਦ ਨੂੰ ਕੀ ਕਹਿੰਦੇ ਹਨ?
ੳ. ਮੂਲ ਸ਼ਬਦ
ਅ. ਉਤਪੰਨ ਸ਼ਬਦ
ੲ. ਸਮਾਸੀ ਸ਼ਬਦ
ਸ. ਉਪਰੋਕਤ ਵਿੱਚੋਂ ਕੋਈ ਨਹੀਂ।

36. ਭਾਸ਼ਾ ਦੀ ਛੋਟੀ ਤੋਂ ਛੋਟੀ ਇਕਾਈ ਕਿਹੜੀ ਹੈ?
ੳ. ਵਾਕ ਅ. ਉਪ-ਵਾਕ
ੲ. ਸ਼ਬਦ ਸ. ਧੁਨੀ।

37. ਪੰਜਾਬੀ ਸ਼ਬਦ-ਸ਼੍ਰੇਣੀਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?
ੳ. ਪੰਜ
ਅ. ਅੱਠ
ੲ. ਛੇ
ਸ. ਨੌਂ।

38. ਸ਼ੁੱਧ ਸ਼ਬਦ-ਜੋੜ ਦੀ ਚੋਣ ਕਰੋ।
ੳ. ਹੈਵਾਨੀਅਤ
ਅ. ਹਵਾਨੀਅਤ
ੲ. ਹੈਵਾਨਿਯਤ
ਸ. ਹੈਵਾਨੀਯਤ।

39. ਔਂਕੜ ( ੁ), ਦੁਲੈਂਕੜ ( ੂ ) ਅਤੇ ਹੋੜਾ ( ੋ ) ਲਗਾਂ ਕਿਹੜੇ ਅੱਖਰ ਨਾਲ਼ ਲੱਗਦੀਆਂ ਹਨ?
ੳ. ੳ ਨਾਲ਼
ਅ. ਅ ਨਾਲ਼
ੲ. ੲ ਨਾਲ਼
ਸ. ੜ ਨਾਲ਼।

40. 'ਔਹ ਪਹਾੜ ਹੈ।' ਇਸ ਵਾਕ ਵਿੱਚ ਔਹ ਸ਼ਬਦ ਕਿਸ ਪ੍ਰਕਾਰ ਦਾ ਪੜਨਾਂਵ ਹੈ?
ੳ. ਪੁਰਖਵਾਚਕ ਪੜਨਾਂਵ
ਅ. ਨਿਸ਼ਚੇਵਾਚਕ ਪੜਨਾਂਵ
ੲ. ਸੰਬੰਧਵਾਚਕ ਪੜਨਾਂਵ
ਸ. ਪ੍ਰਸ਼ਨਵਾਚਕ ਪੜਨਾਂਵ।

41. ਵਿਸਮਕ ਦੀਆਂ ਕਿੰਨੀਆਂ ਕਿਸਮਾਂ ਹਨ?
ੳ. ਪੰਜ
ਅ. ਛੇ
ੲ. ਨੌਂ
ਸ. ਅੱਠ।

42. ਜਿਸ ਕਿਰਿਆ ਦੇ ਨਾਲ਼ ਕਰਮ ਦੀ ਲੋੜ ਨਾ ਹੋਵੇ, ਉਸ ਨੂੰ ਕੀ ਕਹਿੰਦੇ ਹਨ?
ੳ. ਮੂਲ ਕਿਰਿਆ
ਅ. ਅਕਰਮਕ ਕਿਰਿਆ
ੲ. ਇਕਹਿਰੀ ਕਿਰਿਆ
ਸ. ਸਕਰਮਕ ਕਿਰਿਆ।

43. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਹੋਣ ਦੇ ਸਮੇਂ ਦਾ ਪਤਾ ਲੱਗਦਾ ਹੈ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
ੳ. ਕਾਲਵਾਚਕ ਕਿਰਿਆ-ਵਿਸ਼ੇਸ਼ਣ
ਅ. ਨਿਰਨਾਵਾਚਕ ਕਿਰਿਆ-ਵਿਸ਼ੇਸ਼ਣ
ੲ. ਸਥਾਨਵਾਚਕ ਕਿਰਿਆ-ਵਿਸ਼ੇਸ਼ਣ
ਸ. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ।

44. 'ਉਹ ਕਾਰ ਵਿੱਚ ਬੈਠੇ ਹਨ।' ਇਸ ਵਾਕ ਵਿੱਚੋਂ ਸੰਬੰਧਕ ਚੁਣੋ:
ੳ. ਉਹ
ਅ. ਕਾਰ
ੲ. ਵਿੱਚ
ਸ. ਬੈਠੇ ਹਨ।

45. ਅਧੀਨ ਯੋਜਕ ਚੁਣੋ:
ੳ. ਪਰ, ਤੇ
ਅ. ਨਾਲੇ
ੲ. ਸਗੋਂ
ਸ. ਕਿ, ਤਾਂਕਿ।

46. 'ਸੂਮ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:
ੳ. ਕੰਜੂਸ
ਅ. ਖ਼ਰਚੀਲਾ
ੲ. ਸਖੀ
ਸ. ਧਨਵਾਨ।

47. ਸ਼ਾਮ ਕਿਸੇ ਦੀ ਕੀਤੀ ਨੇਕੀ ਨਹੀਂ ਜਾਣਦਾ। ਉਹ ਬੜਾ .......... ਹੈ। ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ।
ੳ. ਕ੍ਰਿਤੱਗ
ਅ. ਅਕ੍ਰਿਤਘਣ
ੲ. ਅਣਥੱਕ
ਸ. ਗ਼ੱਦਾਰ।

48. ਜਿਹੜਾ ਪਾਠ ਸ਼ੁਰੂ ਤੋਂ ਲੈ ਕੇ ਅੰਤ ਤੱਕ ਅਰੁਕ ਕੀਤਾ ਜਾਵੇ, ਉਸ ਨੂੰ ਕੀ ਕਹਿੰਦੇ ਹਨ?
ੳ. ਸਹਿਜ-ਪਾਠ
ਅ. ਅਖੰਡ-ਪਾਠ
ੲ. ਨਿਰੰਤਰ ਪਾਠ
ਸ. ਭੋਗ।

49. ਲਗਾਂ ਕਿਸ ਨੂੰ ਕਿਹਾ ਜਾਂਦਾ ਹੈ?
ੳ. ਸੁਰਾਂ ਦੇ ਚਿੰਨ੍ਹਾਂ ਨੂੰ
ਅ. ਪੈਂਤੀ ਦੇ ਅੱਖਰਾਂ ਨੂੰ
ੲ. ਲਿਖਤੀ ਭਾਸ਼ਾ ਨੂੰ
ਸ. ਲਿਪੀ ਨੂੰ।

50. ਮੁਕਤਾ ਕੀ ਹੈ?
ੳ. ਦੀਰਘ ਲਗ
ਅ. ਲਘੂ ਲਗ
ੲ. ਹ੍ਰਸਵ ਲਗ
ਸ. ਅ ਅਤੇ ੲ ਦੋਵੇਂ।

## Part-B

51. ਨੈਸ਼ਨਲ ਵੈਕਟਰ ਬੋਰਨ ਡਿਜੀਜ ਕੰਟਰੋਲ ਪ੍ਰੋਗਰਾਮ ਦਾ ਕੀ ਉਦੇਸ਼ ਹੈ।
    ੳ. ਟੀ.ਬੀ. ਕੁਸ਼ਟ ਰੋਗ ਨੂੰ ਕੰਟਰੋਲ ਕਰਨਾ
    ਅ. ਕੁਪੋਸ਼ਣ ਨੂੰ ਕੋਟਰੋਲ ਕਰਨਾ
    ੲ. ਵੈਕਟਰ- ਬੋਰਨ ਬਿਮਾਰੀਆ ਜਿਵੇ ਕਿ ਮਲੇਰੀਆ, ਡੈਂਗੂ ਨੂੰ ਕੰਟਰੋਲ ਕਰਨਾ
    ਸ. ਖਸਰਾ, ਛੋਟੀ ਮਾਤਾ ਨੂੰ ਕੰਟਰੋਲ ਕਰਨਾ

52. ਮਿਸ਼ਨ ਇੰਦਰਧਨੁਸ਼ ਕਿਸ ਨਾਲ ਸਬੰਧਿਤ ਹੈ।
    ੳ. ਨਵਜਾਤ ਬੱਚਿਆਂ ਨੂੰ ਦੁੱਧ ਪਿਲਾਉਣ ਸਬੰਧੀ।
    ਅ. ਨਵਜਾਤ ਬੱਚਿਆਂ ਨੂੰ ਪੋਸ਼ਟਿਕ ਆਹਾਰ ਸਬੰਧੀ
    ੲ. ਨਵਜਾਤ ਬੱਚਿਆਂ ਦੇ ਦਿਲ ਦੀ ਬਿਮਾਰੀਆ ਸਬੰਧੀ।
    ਸ. ਨਵਜਾਤ ਬੱਚਿਆ ਦਾ ਟੀਕਾਕਰਨ ਸਬੰਧੀ।

53. ਨਵਜਾਤ ਸ਼ਿਸ਼ੂਆ ਦੀ ਦੇਖਭਾਲ ਨਾਲ ਸਬੰਧਿਤ ਕਿਹੜਾ ਪ੍ਰੋਗਰਾਮ ਹੈ।
    ੳ. ਮਮਤਾ ਪ੍ਰੋਗਰਾਮ
    ਅ. ਜਣਨੀ ਸ਼ਿਸ਼ੂ ਸੁਰੱਖਿਆ ਕਾਰਇਆਕਰਮ (JSSK)
    ੲ. ਆਂਗਣਵਾੜੀ ਸੇਵਾਵਾਂ
    ਸ. ICDS ਪ੍ਰੋਗਰਾਮ

54. ਟੀਕੇ ਦੁਆਰਾ ਦਿੱਤਾ ਜਾਣ ਵਾਲਾ ਗਰਭ ਨਿਰੋਧਕ ਕੀ ਹੈ।
    ੳ. Mala- D    ਅ. DMPA
    ੲ. Norplant    ਸ. ਇਹਨਾ ਵਿਚੋ ਕੋਈ ਨਹੀ ।

55. ਹੇਠ ਸਿੱਖਿਆ ਵਿਚੋ ਕਿਹੜੀ ਬੈਕਟਰੀਆਂ ਦੀ ਬਿਮਾਰੀ ਨਹੀ ਹੈ।
    ੳ. ਏਡਜ
    ਅ. ਡੈਂਗੂ
    ੲ. ਖਸਰਾਂ
    ਸ. ਉਪਰੋਕਤ ਸਾਰੇ

56. ਵਿਸ਼ਵ ਮਾਨਸਿਕ ਦਿਵਸ ਕਦੋ ਮਨਾਇਆ ਜਾਂਦਾ ਹੈ।
    ੳ. 11 ਮਾਰਜ
    ਅ. 7 ਮਈ
    ੲ. 10 ਅਕਤੂਬਰ
    ਸ. 10 ਸਤੰਬਰ

57. ਮੈਡੀਕਲ ਟਰਮੀਨੇਸ਼ਨ ਆੱਫ ਪ੍ਰੈਗਨੈਂਸੀ ਐਕਟ (MTP) ਨੂੰ ਕਿਸ ਸਾਲ ਵਿੱਚ ਪਾਸ ਕੀਤਾ ਗਿਆ ਹੈ।
    ੳ. 1951
    ਅ. 1971
    ੲ. 1981
    ਸ. 2001

58. ਕਾਪਰ- ਟੀ ਕਿਸ ਤਰਾਂ ਦਾ ਗਰਭ ਨਿਰੋਧਕ ਉਪਾਅ ਹੈ।
    ੳ. ਮਰਦਾਂ ਲਈ ਗੋਲੀ
    ਅ. ਔਰਤਾ ਲਈ ਇੱਕ ਆਰਜੀ ਢੰਗ
    ੲ. ਇੱਕ ਸਥਾਈ ਸਰਜਰੀ
    ਸ. ਔਰਤਾ ਦੀਆ ਫੈਲੋਪੀਅਨ ਟਿਊਬਾਂ ਨੂੰ ਬੰਦ ਕਰਨ ਦਾ ਢੰਗ।

59. ਈਕਲੈਂਪਸੀਆ (Eclampsia) ਦੇ ਇਲਾਜ ਲਈ ਕਿਹੜੀ ਦਵਾਈ ਆਮ ਤੋਰ ਤੇ ਵਰਤੀ ਜਾਂਦੀ ਹੈ।
    ੳ. ਐਂਟੀਬਾਇਉਟਿਕਸ
    ਅ. ਮੈਗਨੀਸ਼ੀਅਮ ਸਲਫੇਟ
    ੲ. ਦਰਦ- ਨਿਵਾਰਕ ਦਵਾਈਆ
    ਸ. ਵਿਟਾਮਿਨ ਸਪਲੀਮੈਂਟ

60. ਥੋੜਾ ਖੂਨ ਵਗਣਾ ਜੋ ਗਰਭ ਅਵਸਥਾ ਦੇ ਸ਼ੁਰੂ ਵਿਚ ਹੁੰਦਾ ਹੈ, ਉਸ ਨੂੰ ਕੀ ਕਹਿੰਦੇ ਹਨ।
    ੳ. ਮਾਹਵਾਰੀ
    ਅ. ਇਮਪਲਾਂਟੇਸ਼ਨ ਬਲੀਡਿੰਗ
    ੲ. ਖਤਰਨਾਕ ਖੂਨ ਵਗਣ
    ਸ. ਗਰਭਪਾਤ

61. ਕਿਸੇ ਅਬਾਦੀ ਵਿਚ ਇੱਕ ਖਾਸ ਸਮੇਂ ਦੋਰਾਨ ਕਿਸੇ ਬਿਮਾਰੀ ਦੇ ਨਵੇਂ ਕੇਸਾਂ ਦੀ ਗਿਣਤੀ ਨੂੰ ਕੀ ਕਿਹਾ ਜਾਂਦਾ ਹੈ ।
    ੳ. ਪ੍ਰਚਲਨ (Prevalence)
    ਅ. ਘੱਟਨਾ (Incidence)
    ੲ. ਮੌਤ ਦਰ (Mortality Rate)
    ਸ. ਉਪਰ ਦਿੱਤੇ ਗਏ ਕੋਈ ਨਹੀ.

62. ਉਹ ਰੋਗੀ ਜਿਸ ਵਿੱਚ ਇੰਸੁਲੇਸ਼ਨ ਇਨਫਿਉਜਨ ਕੀਤਾ ਜਾ ਰਿਹਾ ਹੈ, ਵਿਚ ਆਮ ਤੋਰ ਤੇ ਹੋਣ ਵਾਲੇ ਇਲੈਕਟ੍ਰੋਲਾਇਟ ਵਿਕਾਰ ਨੂੰ ਕੀ ਕਿਹਾ ਜਾਂਦਾ ਹੈ।

ੳ. ਹਾਇਪੋਕਲੇਮਿਆ

ਅ. ਹਾਇਪਰਕਲੇਮਿਆ

ੲ. ਹਾਇਪੋਨੇਟ੍ਰੀਮਿਆ

ਸ. ਹਾਇਪਰਨੇਟ੍ਰੀਮਿਆ

63. ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤ੍ਰਿਤਵ ਅਭਿਆਨ (PMSMA) ਦਾ ਮੁੱਖ ਉਦੇਸ਼ ਕੀ ਹੈ।

ੳ. ਬੱਚਿਆ ਲਈ ਮੁਫਤ ਟੀਕਾ ਕਰਨ ਮੁਹੱਇਆ ਕਰਵਾਉਣਾ

ਅ. ਹਰ ਮਹੀਨੇ ਦੀ 9 ਤਾਰੀਖ ਨੂੰ ਗਰਭਵਤੀ ਔਰਤਾ ਲਈ ਮੁਫਤ ਜਾਂਚ ਪ੍ਰਦਾਨ ਕਰਨਾ

ੲ. ਬੇਘਰ ਔਰਤਾ ਨੂੰ ਰਹਿਣ ਲਈ ਜਗਾ ਪ੍ਰਦਾਨ ਕਰਨਾ

ਸ. ਗਰਭਵਤੀ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ

64. ਸਾਡੇ ਸ਼ਰੀਰ ਵਿੱਚ ਖੂਨ ਦਾ ਪ੍ਰਵਾਹ ਕਿਹੜਾ ਅੰਗ ਕਰਦਾ ਹੈ।

ੳ. ਫੇਫੜੇ     ਅ. ਗੁਰਦੇ

ੲ. ਦਿਲ     ਸ. ਦਿਮਾਗ

65. ਮਲੇਰੀਆ ਕੰਟਰੋਲ ਦੀ ਜਿੰਮੇਵਾਰੀ ਕਿਸ ਦੀ ਹੈ।

ੳ. ਕੇਵਲ ਡਾਕਟਰ ਦੀ

ਅ. ਕੇਵਲ ਸਿਹਤ ਕਾਮਿਆ ਦੀ

ੲ. ਸਿਹਤ ਸੇਵਾਵਾਂ ਦੇ ਫੰਕਸ਼ਨਰੀਆਂ ਦੀ

ਸ. ਸਿਰਫ ਸਿਹਤ ਅਧਿਕਾਰੀ ਦੀ

66. ਬਗਲ ਤੋ ਲਿਆ ਗਿਆ ਤਾਪਕ੍ਰਮ ਮੂੰਹ ਦੇ ਤਾਪਕ੍ਰਮ (Temperature) ਤੋ ਕਿੰਨਾ ਘੱਟ ਜਾਂ ਜਿਆਦਾ ਹੁੰਦਾ ਹੈ।

ੳ. $1^{\circ}$ F ਜਿਆਦਾ     ਅ. $1^{\circ}$ F ਘੱਟ

ੲ. $2^{\circ}$ ਘੱਟ     ਸ. $2^{\circ}$ ਜਿਆਦਾ

67. ਗਰਭ ਵਿਚਲੇ ਸਿਸ਼ੂ ਦੀ ਹਲਚਲ ਕਿਹੜੇ ਹਫਤੇ ਵਿੱਚ ਮਹਿਸੂਸ ਕੀਤੀ ਜਾ ਸਕਦੀ ਹੈ।

ੳ. 20 ਵੇ ਹਫਤੇ ਵਿੱਚ     ਅ. 15 ਵੇ ਹਫਤੇ ਵਿੱਚ

ੲ. 11 ਵੇ ਹਫਤੇ ਵਿੱਚ     ਸ. 10 ਵੇ ਹਫਤੇ ਵਿੱਚ

68. ਇੱਕ ਬਾਲਗ ਨੂੰ ਕਿੰਨੀ ਪ੍ਰੋਟੀਨ ਦੀ ਜਰੂਰਤ ਹੁੰਦੀ ਹੈ।

ੳ. 1 gm/Kg/day

ਅ. 1.5 gm/Kg/day

ੲ. 0.1 gm/kg/day

ਸ. 2.0 gm/kg/day

69. ਹੀਮੋਗਲੋਬਿਨ ਦੀ ਮਾਤਰਾ ਦਾ ਸਾਧਾਰਣ ਸਤੱਰ ਤੋ ਥੱਲੇ ਡਿੱਗਣਾ ਕੀ ਕਹਾਉਂਦਾ ਹੈ।

ੳ. ਥੈਲੇਸੀਮਿਆ

ਅ. ਐਨੀਮੀਆ

ੲ. ਥੈਲੇਸੀਮਿਆ ਮੇਜਰ

ਸ. ਉਪਰੋਕਤ ਕੋਈ ਨਹੀ

70. ਰੇਡੀਏਸ਼ਨ (Radiation) ਰਾਹੀ ਇਲਾਜ ਕਰਨ ਨੂੰ ਕੀ ਆਖਦੇ ਹਨ।

ੳ. ਕੀਮੋਥਰੇਪੀ     ਅ. ਰੇਡੀਉਥਰੇਪੀ

ੲ. ਥੈਲਸੋਥੈਰੇਪੀ     ਸ. ਥਰਮੋਗ੍ਰੈਕੀ

71. ਹੇਠ ਲਿਖਿਆ ਵਿੱਚ ਕਿਹੜਾ ਚੂਲੇ ਦੀ ਹੱਡੀ ਦਾ ਹਿੱਸਾ ਹੈ।

ੳ. ਇਲੀਅਮ

ਅ. ਪਯੂਬਿਸ

ੲ. ਇਸ਼ੀਚਯਮ

ਸ. ਉਪੋਰਕਤ ਸਾਰੇ

72. ਸੰਚਾਰ (Communication) ਕੀ ਹੈ।

ੳ. ਤਰਕ- ਵਿਤਰਕ

ਅ. ਸਮੀਖਿਆਤਮਕ ਵਿਸਲੇਸ਼ਣ

ੲ. ਵਿਚਾਰਾਂ ਦਾ ਆਦਾਨ – ਪ੍ਰਦਾਨ

ਸ. ਉਪਰੋਕਤ ਵਿੱਚੋ ਕੋਈ ਵੀ ਨਹੀ ਹੈ

73. Peg ਸੈਲ ਕਿੱਥੇ ਪਾਏ ਜਾਂਦੇ ਹਨ।

ੳ. ਉਵੇਰੀ (Ovary)

ਅ. ਫੈਲੇਇਓਪਨ ਟਿਉਬਜ ( Fallopian tubes)

ੲ. ਵੈਜੀਨਾ (vagina)

ਸ. ਸਰਵਿਕਸ (Cervix)

74. ਉਹ ਸਮਾਂ ਮਿਆਦ ਕੀ ਕਹਾਉਂਦਾ ਹੈ ਜਦੋ ਬੱਚੇ ਵਿੱਚ ਇਕ ਬਾਲਗ ਦੇ ਰੂਪ ਵਿੱਚ ਵਿਕਸਿਤ ਹੋਣ ਦੇ ਲਈ ਜਰੂਰੀ ਨਵੇਂ ਸਮਾਜਿਕ ਬਦਲਾਵ ਹੁੰਦੇ ਹਨ।

ੳ. ਕਿਸ਼ੋਰ ਅਵਸਥਾ

ਅ. ਵਿਅਕਤੀਗਤ ਵਿਭਿੰਨਤਾ ਅਵਸਥਾ

ੲ. ਨਵਜਾਤ ਅਵਸਥਾ

ਸ. ਦੂਜੀ ਅਵਸਥਾ

75. ਨਾਇਸਨ ( ਵਿਟਾਮਿਨ B3 ) ਦੀ ਕਮੀ ਨਾਲ ਕਿਹੜਾ ਰੋਗ ਪੈਂਦਾ ਹੁੰਦਾ ਹੈ।

ੳ. ਪੈਲਾਗਰਾ ( Pellagra)

ਅ. ਬੇਰੀ- ਬੇਰੀ (Beri- Beri)

ੲ. ਅੰਧਰਾਤਾ (Night blindness)

ਸ. ਸਕਰਵੀ (Scurvy)

76. ਕਿਹੜੀ ਵੈਕਸੀਨ ਨੂੰ ਫ੍ਰੀਜਰ ਵਿੱਚ ਸਟੋਰ ਨਹੀ ਕੀਤਾ ਜਾਣਾ ਚਹੀਦਾ ਹੈ।

ੳ. ਡੀ. ਪੀ. ਟੀ   ਅ. ਟੈਟਨੈਸ ਟੋਕਸਾਇਡ

ੲ. ਹੈਪੇਟਾਈਟਸ ਬੀ   ਸ. ਇਹਨਾ ਸਾਰਿਆ ਨੂੰ

77. ਸਰਕਾਰੀ ਹਸਪਤਾਲਾਂ ਵਿੱਚ ਗਰਭਵਤੀ ਔਰਤਾ ਨੂੰ ਮੁਫਤ ਟੈਸਟ ਅਤੇ ਚੈਕਅਪ ਕਿਹੜੀ ਤਾਰੀਖ ਨੂੰ ਪ੍ਰਦਾਨ ਕੀਤੇ ਜਾਂਦੇ ਹਨ।

ੳ. ਹਰ ਮਹੀਨੇ ਦੀ 9 ਤਾਰੀਖ ਨੂੰ

ਅ. ਹਰ ਮਹੀਨੇ ਦੀ 1 ਅਤੇ 15 ਤਾਰੀਖ ਨੂੰ

ੲ. ਹਰ ਮਹੀਨੇ ਦੇ ਪਹਿਲੇ ਅਤੇ ਆਖਰੀ ਦਿਨ

ਸ. ਕੋਈ ਨਿਸ਼ਚਿਤ ਤਾਰੀਖ ਨਹੀ

78. ਸ਼ੁਰੂਆਤੀ ਪੜਾਅ ਤੇ ਕਿਸੀ ਬਿਮਾਰੀ ਦਾ ਪਤਾ ਲਗਾਉਣ ਅਤੇ ਇਲਾਜ ਕਰਨ ਦੀ ਪ੍ਰਕਿਰਿਆ ਕਿਸ ਕਿਸਮ ਦੀ ਰੋਕਥਾਮ ਦਾ ਹਿੱਸਾ ਹੈ।

ੳ. ਪ੍ਰਾਇਮਰੀ ਰੋਕਥਾਮ ( Primary Prevention)

ਅ. ਸੈਕੰਡਰੀ ਰੋਕਥਾਮ (Secondary Prevention

ੲ. ਦਰਸ਼ਰੀ ਰੋਕਥਾਮ ( Tertiary Prevention)

ਸ. ਸਾਰੇ ਉਪਰ ਦੱਸੇ ਗਏ

79. ਪੰਜਾਬ ਵਿੱਚ ਪੰਚਾਇਤੀ ਰਾਜ ਪ੍ਰਣਾਲੀ ਦੇ ਤਿੰਨ ਪੱਧਰ ਕਿਹੜੇ ਹਨ।

ੳ. ਗ੍ਰਾਮ ਪੰਚਾਇਤ , ਬਲਾਕ ਪੰਚਾਇਤ, ਜਿਲਾ ਪ੍ਰੀਸ਼ਦ

ਅ. ਗ੍ਰਾਮ ਸਭਾ, ਪੰਚਾਇਤ ਸੀਮਤੀ, ਜਿਲਾ ਪ੍ਰੀਸ਼ਦ

ੲ. ਗ੍ਰਾਮ ਪੰਚਾਇਤ, ਪੰਚਾਇਤ ਸਮਿਤੀ, ਜਿਲਾ ਪ੍ਰੀਸ਼ਦ

ਸ. ਗ੍ਰਾਮ ਸਭਾ, ਬਲਾਕ ਪੰਚਾਇਤ, ਜਿਲਾ ਪ੍ਰੀਸ਼ਦ

80. ਸੀ ਉ ਪੀ ਡੀ (COPD) ਦੇ ਕਿਹੜੇ ਦੋ ਮੁੱਖ ਹਿੱਸੇ ਹਨ।

ੳ. ਦਮਾ ਅਤੇ ਸਿਗਰਟਨੋਸ਼ੀ

ਅ. ਐਮਫੀਸੀਮਾ ਅਤੇ ਪੁਰਾਣੀ ਬ੍ਰੋਨਕਾਈਟਿਸ

ੲ. ਨਿਮੋਨੀਆ ਅਤੇ ਦਿਲ ਦੀ ਬਿਮਾਰੀ

ਸ. ਕੈਂਸਰ ਅਤੇ ਫਾਈਫਰੋਸਿਸ

81. ਲਕਵੇ ਦੀ ਪਛਾਣ ਕਰਨ ਲਈ FAST ਸ਼ਬਦ ਦਾ ਕੀ ਮਤਲਬ ਹੈ।

ੳ. Face, Arms, Speech, Time

ਅ. Food, Action, Sleep, Talk

ੲ. Fun, Activity, Study, Thought

ਸ. Fast, Always, Safe, Treat

82. ਦਿਲ ਦਾ ਦੋਰਾ ਪੈਣ (Cardiac Arrest) ਦੀ ਸਥਿਤੀ ਵਿੱਚ ਦਿੱਤੀ ਜਾਣ ਵਾਲੀ ਸਭ ਤੋ ਪਹਿਲੀ ਦਵਾਈ ਕਹਿੜੀ ਹੈ।

ੳ. ਐਡਰੇਨਾਲੀਨ (Adrenaline)

ਅ. ਐਟ੍ਰੋਪੀਨ (Atropine)

ੲ. ਅਮੀਉਡਾਰੋਨ (Amioderone)

ਸ. ਸੋਡੀਅਮ ਬਾਈਕਾਰਬੋਨੇਟ (Sodium Bicarbonate)

83. ਉਪੀਉਇਡ ਜਿਆਦਾ ਮਾਤਰਾ ( Opioid overdose) ਦੇ ਪ੍ਰਭਾਵਾਂ ਨੂੰ ਉਲਟਾਉਣ ਲਈ ਕਿਹੜੀ ਦਵਾਈ ਦੀ ਵਰਤੋ ਕੀਤੀ ਜਾਂਦੀ ਹੈ।

ੳ. ਫਲੂਮਾਜੇਨਿਲ ( Flumanzenil)

ਅ. ਐਟ੍ਰੋਪੀਨ (Atropine)

ੲ. ਨੈਲੋਕਸੋਨ (Naloxone)

ਸ. ਡੈਕਸਟ੍ਰੋਜ 50% ( Dextrose 50%)

84. ਗੰਭੀਰ ਜਲਣ ਵਾਲੇ ਮਰੀਜ ਨੂੰ ਹਸਪਤਾਲ ਲਿਜਾਣ ਤੋ ਪਹਿਲਾ ਸਭ ਤੋ ਮਹੱਤਵਪੂਰਨ ਕਦਮ ਕੀ ਹੈ।

ੳ. ਮਰੀਜ ਨੂੰ ਭੋਜਨ ਅਤੇ ਪਾਣੀ ਦੇਣਾ

ਅ. ਜਲਣ ਵਾਲੀ ਥਾਂ ਤੇ ਤੇਲ ਜਾਂ ਕੋਈ ਘਰੇਲੂ ਉਪਚਾਰ ਲਗਾਉਣਾ

ੲ. ਹਵਾ ਦੇ ਰਸਤੇ (Airway) ਸਾਹ ਲੈਣ ਅਤੇ ਸਰਕੁਲੇਸ਼ਨ ਦਾ ਪ੍ਰਬਧਨ ਕਰਨਾ

ਸ. ਜਲਣ ਵਾਲੀ ਥਾਂ ਤੇ ਇਕ ਕੱਸ ਕੇ ਪੱਟੀ ਬੰਨ੍ਹਣਾ

85. ਬੱਚਿਆ ਵਿੱਚ ਸਭ ਤੋ ਆਮ ਲਿਉਕੀਮੀਆ ਕਿਹੜਾ ਹੈ।

ੳ. ਐਕਿਉਟ ਲਿੰਫੋਬਲਾਸਟਿਕ ਲਿਉਕੀਮੀਆ (ALL)

ਅ. ਐਕਿਉਟ ਮਾਇਲਾਈਡ ਲਿਉਕੀਮੀਆ (AML)

ੲ. ਕਰੋਨਿਕ ਲਿੰਫੈਟਿਕ ਲਿਉਕੀਮੀਆ (CLL)

ਸ. ਕਰੋਨਿਕ ਮਾਇਲਾਇਡ ਲਿਉਕੀਮੀਆ (CML)

86. ਬੱਚਿਆ ਲਈ CPR ਕੰਪਰੈਸ਼ਨ ਵੈਂਟੀਲੇਸ਼ਨ ਅਨੁਪਾਤ ਕੀ ਹੈ ਜੇ ਦੇਣ ਵਾਲੇ ਦੋ ਲੋਕ ਹਨ।

ੳ. 30:2 ਅ. 15:2

ੲ. 10:1 ਸ. 5:1

87. ਡੇਂਗੂ ਸ਼ੋਕ ਸਿੰਡਰੋਮ (Dengue Shock syndrome) ਦਾ ਸਭ ਤੋ ਖਾਸ ਲੱਛਣ ਕੀ ਹੈ।

ੳ. ਤੇਜ ਬੁਖਾਰ ਦਾ ਹੋਣਾ

ਅ. ਜੋੜਾਂ ਦਾ ਦਰਦ

ੲ. ਬਲੱਡ ਪ੍ਰੈਸ਼ਰ ਦਾ ਅਚਾਨਕ ਅਤੇ ਗੰਭੀਰ ਰੂਪ ਵਿੱਚ ਘੱਟਣਾ

ਸ. ਚਮੜੀ ਤੇ ਲਾਲ ਦਾਣੇ ਹੋ ਜਾਣੇ

88. ਏਡੀਜ ਮੱਛਰ ਆਮ ਤੋਰ ਤੇ ਕਦੋ ਕੱਟਦਾ ਹੈ।

ੳ. ਦਿਨ ਦੇ ਸਮੇਂ ਅ. ਸਿਰਫ ਰਾਤ ਨੂੰ

ੲ. ਸਿਰਫ ਸ਼ਾਮ ਨੂੰ ਸ. ਸਿਰਫ ਸਵੇਰੇ ਨੂੰ

89. ਨੇਫਰੋਟਿਕ ਸਿੰਡਰੋਮ (Nephrotic Syndrome) ਦਾ ਮੁੱਖ ਲੱਛਣ ਕੀ ਹੈ।

ੳ. ਪਿਸ਼ਾਬ ਵਿੱਚ ਖੂਨ ਆਉਣਾ

ਅ. ਪਿਸ਼ਾਬ ਵਿੱਚ ਬਹੁਤ ਜਿਆਦਾ ਪ੍ਰੋਟੀਨ ਆਉਣਾ

ੲ. ਪਿਸ਼ਾਬ ਦੀ ਮਾਤਰਾ ਘੱਟ ਹੋਣਾ

ਸ. ਬਲੱਡ ਪ੍ਰੈਸ਼ਰ ਦਾ ਵੱਧਣਾ

90. ਡਾਉਨ ਸਿੰਡਰੋਮ (Down syndrome) ਦਾ ਪਤਾ ਕਿਵੇ ਲਗਾਇਆ ਜਾ ਸਕਦਾ ਹੈ।

ੳ. ਪ੍ਰੈਗਨੈਂਸੀ ਦੋਰਾਨ ਖ਼ੂਨ ਦੀ ਜਾਂਚ

ਅ. ਅਲਟਰਾਸਾਉਂਡ

ੲ. ਜਨਮ ਤੋ ਬਾਅਦ ਜੈਨੇਟਿਕ ਟੈਸਟਿੰਗ

ਸ. ਉਪੋਰਕਤ ਸਾਰੇ

91. ਤੀਜੇ ਦਰਜੇ (3rd degree Burn) ਜਲਣ ਬਾਰੇ ਹੇਠ ਲਿਖਿਆ ਵਿਚੋ ਕਿਹੜਾ ਕਥਨ ਸਹੀ ਹੈ।

ੳ. ਇਸ ਵਿੱਚ ਸਿਰਫ ਚਮੜੀ ਦੀ ਉਪਰਲੀ ਪਰਤ ਪ੍ਰਭਾਵਿਤ ਹੁੰਦੀ ਹੈ।

ਅ. ਇਹ ਬਹੁਤ ਦਰਦਨਾਕ ਹੁੰਦੀ ਹੈ।

ੲ. ਇਸ ਵਿਚ ਚਮੜੀ ਚਾਰਡ ਅਤੇ ਕਾਲੀ ਹੋ ਜਾਂਦੀ ਹੈ।

ਸ. ਇਸ ਨਾਲ ਛਾਲੇ ਪੈ ਜਾਂਦੇ ਹਨ।

92. ਭਾਰਤ ਸਰਕਾਰ ਦਾ ਕਿਹੜਾ ਪ੍ਰੋਗਰਾਮ ਅਨੀਮੀਆ ਦੇ ਖਾਤਮੇ ਦਾ ਕੰਮ ਕਰਦਾ ਹੈ

ੳ. ਰਾਸਟਰੀ ਟੀਕਾਕਰਨ ਪ੍ਰੋਗਰਾਮ

ਅ. ਅਨੀਮੀਆ ਮੁਕਤ ਭਾਰਤ

ੲ. ਸਿਸ਼ੂ ਸਰੁਖਿਆ ਕਾਰਿਆਕ੍ਰਮ

ਸ. ਜਨਨੀ ਮਿਸ਼ਨ ਇੰਦਰਦਨੁਸ਼

93. ਫਾਈਲੇਰੀਆ ਨੂੰ ਆਮ ਤੋਰ ਤੇ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ।

ੳ. ਪੀਲੀਆ ਅ. ਹਾਥੀ ਪੈਰ

ੲ. ਮਲੇਰੀਆ ਸ. ਟਾਈਫਾਇਡ

94. ਵਿਡਾਲ ਟੈਸਟ ਵਿਚ ਕੀ ਚੈਕ ਕੀਤਾ ਜਾਂਦਾ ਹੈ।

ੳ. ਖੂਨ ਵਿਚ ਗਲੂਕੋਜ ਦਾ ਪੱਧਰ

ਅ. ਸੈਲਮੋਨੇਲਾ ਟਾਈਫੀ ਬੈਕਟਰੀਆ ਦੇ ਖਿਲਾਫ ਐਂਟੀਬਾਡੀਜ

ੲ. HIV ਵਾਇਰਸ ਦੀ ਜਾਂਚ ਲਈ

ਸ. ਲਾਲ ਰਕਤ ਕਣਾ ਦੀ ਗਿਣਤੀ

95. ਹੈਪਾਟਾਈਟਸ ਏ ਵਾਇਰਸ (Hepatitis A virus) ਦਾ ਮੁੱਖ ਸੰਚਾਰ ਦਾ ਕੀ ਤਰੀਕਾ ਹੈ।

ੳ. ਸੰਕਰਮਿਤ ਵਿਅਕਤੀ ਦਾ ਖੂਨ ਚੜਾਉਣਾ

ਅ. ਅਸੁਰੱਖਿਅਤ ਸੈਕਸ

ੲ. ਦੂਸ਼ਿਤ ਭੋਜਨ ਜਾ ਪਾਣੀ

ਸ. ਮੱਛਰਾਂ ਦਾ ਕੱਟਣਾ

96. ਵਿਸ਼ਵ ਵਾਤਾਵਰਣ ਦਿਵਸ ਕਦੋ ਮਨਾਇਆ ਜਾਂਦਾ ਹੈ।

ੳ. 22 ਅਪ੍ਰੈਲ ਅ. 5 ਜੂਨ

ੲ. 16 ਅਕਤੂਬਰ ਸ. 31 ਮਈ

97. ਕਮਿਊਨਟੀ ਹੈਲਥ ਸੈਂਟਰ (CHC) ਆਮ ਤੋਰ ਤੇ ਕਿੰਨੀ ਅਬਾਦੀ ਨੂੰ ਕਵਰ ਕਰਦਾ ਹੈ।

ੳ. 1000 ਤੋ 5000 ਅ. 10,000 ਤੋ 20,000

ੲ. 80,000 ਤੋ 1,20,000 ਸ. 5 ਲੱਖ ਤੋ ਵੱਧ

98. ਹਸਪਤਾਲ ਦੇ ਪ੍ਰਬੰਧਨ ਵਿੱਚ ਗੁਣਵਤਾ ਵਿੱਚ ਸੁਧਾਰ ਕਰਨ ਲਈ ਕਿਹੜੀ ਤਕਨੀਕ ਵਰਤੀ ਜਾਂਦੀ ਹੈ।

ੳ. ਸਿਰਫ ਮਰੀਜਾਂ ਦੀ ਫੀਡਬੈਕ (Feedback)

ਅ. ਸਿਰਫ ਰੋਗੀ ਕੇਂਦ੍ਰਿਤ ਸੇਵਾਵਾਂ

ੲ. ਸਿਕਸ- ਸਿਗਮਾ (Six Sigma)

ਸ. ਕੇਵਲ ਪ੍ਰਸ਼ਾਸਨ ਦਾ ਨਿਰਣਾ (Decision)

99. ਭਾਰਤ ਵਿਚ ਅੰਨੇਪਣ ਦਾ ਸਭ ਤੋ ਆਮ ਕਾਰਨ ਕੀ ਹੈ।

ੳ. ਮੋਤੀਆ ਬਿੰਦ (cataract)

ਅ. ਗਲੂਕੋਮਾ (Glaucoma)

ੲ. ਕੋਰਨੀਅਲ ਅੰਨ੍ਹਪਣ (Corneal Blindness)

ਸ. ਰਿਫ੍ਰੈਕਟਿਵ ਤਰੁਟੀਆ ( Refractive error)

100. ਆਟੋਕਲੇਵ ਲਈ ਸਭ ਤੋ ਵਧੀਆ (standard) ਤਾਪਮਾਨ ਅਤੇ ਸਮਾ ਕੀ ਹੈ।

ੳ. 121° c, 15 ਮਿੰਟ ਲਈ

ਅ. 121°c ,10 ਮਿੰਟ ਲਈ

ੲ. 121° c ,2 ਘੰਟੇ ਲਈ

ਸ. 121° c, 3 ਘੰਟੇ ਲਈ

101. ਐਂਟੇਪਾਰਟਮ ਹੈਮੋਰੈਜ ਦਾ ਸਭ ਤੋ ਆਮ ਕਾਰਨ ਕੀ ਹੈ।

ੳ. ਪਲੈਸੇਂਟਾ ਪ੍ਰੀਵੀਆ

ਅ. ਗਰਭ ਅਵਸਥਾ ਦੋਰਾਨ ਹਾਈਪਰਟੈਂਸ਼ਨ

ੲ. ਅਨੀਮੀਆ ਅਤੇ ਥਕਾਨ ਕਾਰਣ

ਸ. ਅਨਐਕਸਪਲੇਂਡ ( ਬਿਆਨ ਨਹੀ ਕੀਤਾ ਜਾ ਸਕਦਾ)

102. ਨੇਤਰ ਜੋਤੀ ਅਭਿਆਨ ਕੀ ਹੈ।

ੳ. ਬੱਚਿਆ ਲਈ ਅੱਖਾ ਦੀ ਜਾਂਚ ਮੁਹਿੰਮ

ਅ. ਕੈਟਰੈਕਟ ਸਰਜਰੀਆ ਦੇ ਬੈਕਲਾਗ ਨੂੰ ਖਤਮ ਕਰਨ ਲਈ ਇੱਕ ਵਿਸ਼ੇਸ ਮੁਹਿੰਮ

ੲ. ਅੱਖਾ ਦੀਆਂ ਲਾਗਾਂ ਤੋ ਬਚਾਉਣ ਲਈ ਮੁਹਿੰਮ

ਸ. ਅੱਖਾ ਦਾ ਦਾਨ ਕਰਨ ਲਈ ਜਾਗਰੂਕਤਾ ਮੁਹਿੰਮ

103. ਪੋਸਟਪਾਰਟਮ ਹੈਮਰੇਜ (Post Partum Hemorrhage) ਦੀ ਸਭ ਤੋ ਆਮ ਪਰਿਭਾਸ਼ਾ ਕੀ ਹੈ।

ੳ. ਯੋਨੀ ਰਾਹੀ ਡਿਲਵਰੀ ਤੋ ਬਾਅਦ 500 ml ਤੋ ਵੱਧ ਖੂਨ ਦਾ ਵੱਗਣਾ

ਅ. ਯੋਨੀ ਰਾਹੀਂ ਡਿਲਵਰੀ ਤੋ ਬਾਅਦ 1200 ml ਤੋ ਵੱਧ ਖੂਨ ਦਾ ਵੱਗਣਾ

ੲ. ਯੋਨੀ ਰਾਹੀਂ ਡਿਲਵਰੀ ਤੋ ਬਾਅਦ 1500 ml ਤੋ ਵੱਧ ਖੂਨ ਦਾ ਵੱਗਣਾ

ਸ. ਉਪਰੋਕਤ ਕੋਈ ਨਹੀ ਹੈ

104. D.P.T. ਦੀ ਖੁਰਾਕ ਦੀ ਮਾਤਰਾ ਕਿੰਨੀ ਹੁੰਦੀ ਹੈ

ੳ. 0.2 ml ਅ. 0.3 ml

ੲ. 0.005 ml ਸ. 0.5 ml

105. ਪੰਜ (5) ਸਾਲ ਤੋ ਘੱਟ ਉਮਰ ਦੇ ਬੱਚਿਆ ਵਿੱਚ ਮੋਤ ਦਾ ਮੁੱਖ ਕਾਰਨ ਕੀ ਹੈ।

ੳ. ਕੁਪੋਸ਼ਣ

ਅ. ਦਸਤ ਦੀ ਬਿਮਾਰੀ

ੲ. ਸਾਹ ਦੀ ਬਿਮਾਰੀ- ਨਮੋਨੀਆ

ਸ. ਉਪਰੋਕਤ ਸਾਰੇ

106. ਕਿਸੇ ਵਿਅਕਤੀ ਨੂੰ ਬਹੁਤ ਜਿਆਦਾ ਉਦਾਸੀ ਅਤੇ ਨਿਰਾਸ਼ਾ ਹੋਣ ਤੇ ਕਿਹੜੀ ਬਿਮਾਰੀ ਹੋ ਸਕਦੀ ਹੈ।

ੳ. ਸਕਿਜੋਫਰੀਨੀਆ (Schizophrenia)

ਅ. ਡਿਪਰੈਸ਼ਨ (Depression)

ੲ. ਮੈਨਿਆ ( Mania)

ਸ. ਉਨਮਾਦ ( Insanity)

107. ਨਰਸ - ਮਰੀਜ ਰਿਸਤੇ ਦਾ ਪਹਿਲਾ ਪੜਾਅ ਕੀ ਹੁੰਦਾ ਹੈ।

ੳ. ਕਾਰਜਕਾਰੀ ਪੜਾਅ (Working Phase)

ਅ. ਸਮਾਪਤੀ ਪੜਾਅ ( Termination Phase)

ੲ. ਸ਼ੁਰੂਆਤੀ ਪੜਾਅ ( Orientation Phase)

ਸ. ਵਿਚੋਲਾ ਪੜਾਅ ( Middle Phase)

108. ਆਸ਼ਾ ਪ੍ਰੋਗਰਾਮ ਕਿਸ ਸਾਲ ਵਿੱਚ ਸ਼ੁਰੂ ਕੀਤਾ ਗਿਆ ਸੀ।

ੳ. 2002 ਅ. 2005

ੲ. 2010 ਸ. 2015

109. ਵਿਸ਼ਵ ਸਿਹਤ ਸੰਗਠਨ (WHO) ਨੇ ਕੋਵਿਡ -19 ਨੂੰ ਵਿਸ਼ਵ ਵਿਆਪੀ ਮਹਾਮਾਰੀ ਕਦੋ ਐਲਾਨਿਆ।

ੳ. 30 ਜਨਵਰੀ 2020 ਅ. 11 ਮਾਰਚ 2020

ੲ. 11 ਜਨਵਰੀ 2020 ਸ. 11 ਫਰਵਰੀ 2020

110. ਭਾਰਤ ਵਿਚ ਜਨਗਣਨਾ ਕਿੰਨੇ ਸਾਲਾਂ ਬਾਅਦ ਹੁੰਦੀ ਹੈ।

ੳ. 5 ਸਾਲ ਅ. 10 ਸਾਲ

ੲ. 15 ਸਾਲ ਸ. 20 ਸਾਲ

111. ਆਸ਼ਾ ਵਰਕਰਾਂ ਦੀ ਮੁੱਖ ਭੁਮਿਕਾ ਕੀ ਹੈ।

ੳ. ਪਿੰਡਾ ਵਿੱਚ ਸਿਰਫ ਬੱਚਿਆਂ ਦੀ ਦੇਖਭਾਲ ਕਰਨਾ

ਅ. ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕਰਨਾ ਅਤੇ ਮੁਢਲੀਆ ਸਿਹਤ ਸੇਵਾਵਾਂ ਪ੍ਰਦਾਨ ਕਰਨਾ

ੲ. ਕੇਵਲ ਸਫਾਈ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ

ਸ. ਸ਼ਹਿਰਾਂ ਵਿਚ ਸਿਹਤ ਕੇਂਦਰਾਂ ਦਾ ਪ੍ਰਬੰਧਨ ਕਰਨਾ

112. ਕੋਵਿਡ -19 ਦੇ ਸੰਦਰਭ ਵਿੱਚ RT-PCR ਦਾ ਪੂਰਾ ਰੂਪ ਕੀ ਹੈ।

ੳ. ਰਿਵਰਸ ਟ੍ਰਾਂਸਕ੍ਰਿਪਸ਼ਨ ਪੋਲੀਮੈਰੇਜ ਚੇਨ ਰਿਐਕਸ਼ਨ

ਅ. ਰੈਪਿਡ ਟੈਸਟਿੰਗ ਪੋਲੀਮੈਰੇਜ ਚੇਨ ਰਿਐਕਸ਼ਨ

ੲ. ਰੈਪਿਡ ਟ੍ਰਾਂਸਕ੍ਰਿਪਸ਼ਨ ਪੋਲੀਮੈਰੇਜ ਚੇਨ ਰਿਐਕਸ਼ਨ

ਸ. ਰੈਡਿਉਸਡ ਟ੍ਰਾਂਸਕ੍ਰਿਪਸ਼ਨ ਪੋਲੀਮੈਰੇਜ ਚੇਨ ਰਿਐਕਸ਼ਨ

113. ਪਹਿਲੀ/ਮੁਢਲੀ ਸਹਾਇਤਾ (First aid) ਦਾ ਮੁੱਖ ਉਦੇਸ਼ ਕੀ ਹੈ।

ੳ. ਮਰੀਜ ਨੂੰ ਡਾਕਟਰ ਕੋਲ ਲੈ ਜਾਣਾ

ਅ. ਸੱਟ ਲੱਗਣ ਵਾਲੇ ਵਿਅਕਤੀ ਦੀ ਜਿੰਦਗੀ ਬਚਾਉਣਾ

ੲ. ਦਵਾਈਆਂ ਦੇਣਾ

ਸ. ਮਰੀਜ ਨੂੰ ਸਿਰਫ ਆਰਾਮ ਕਰਾਉਣਾ

114. ਕਿਸ ਚੀਜ ਨੂੰ ਮਾਪਣ ਲਈ ਗਲਾਸਗੋ ਕੋਮਾ ਸਕੇਲ (Glasgow coma Scale) ਦੀ ਵਰਤੋ ਕੀਤੀ ਜਾਂਦੀ ਹੈ।

ੳ. ਬਲੱਡ ਪ੍ਰੈਸ਼ਰ ਅ. ਸਰੀਰ ਦਾ ਤਾਪਮਾਨ

ੲ. ਚੇਤਨਾ ਦਾ ਪੱਧਰ ਸ. ਸਾਹ ਦੀ ਦਰ

115. ਕਿਸੇ ਵੀ ਮੈਡੀਕਲ ਪ੍ਰਕਿਰਿਆ ਤੋ ਪਹਿਲਾ ਮਰੀਜ ਤੇ ਸਹਿਮਤੀ ਲੈਣ ਦਾ ਮੁੱਖ ਕਾਰਨ ਕੀ ਹੈ।

ੳ. ਕਾਨੂੰਨੀ ਜਿੰਮੇਵਾਰੀ ਤੋ ਬਚਣਾ

ਅ. ਮਰੀਜ ਦੇ ਹੱਕਾ ਦਾ ਸਨਮਾਨ ਕਰਨਾ

ੲ. ਮਰੀਜ ਨੂੰ ਡਰਾਉਣਾ

ਸ. ਪ੍ਰਕਿਰਿਆ ਬਾਰੇ ਜਾਣਕਾਰੀ ਛਪਾਉਣਾ

116. ਹਸਪਤਾਲ ਵਿੱਚ ਲਾਗ ਤੋ ਬਚਣ ਲਈ ਸਭ ਤੋ ਮਹੱਤਵਪੂਰਨ ਕਦਮ ਕਿਹੜਾ ਹੈ।

ੳ. ਮਰੀਜ ਨੂੰ ਅਲੱਗ ਕਮਰੇ ਵਿੱਚ ਰੱਖਣਾ

ਅ. ਹਰ ਮਰੀਜ ਦਾ ਇਕ ਹੀ ਬੈਡਸ਼ੀਟ ਵਰਤਣਾ

ੲ. ਸਮੇਂ - ਸਮੇਂ ਤੇ ਹੱਥ ਧੋਣਾ

ਸ. ਰੋਗਾਣੂਨਾਸ਼ਕ ਦਵਾਈਆਂ ਦੇਣਾ

117. ਕਿਸੇ ਸਮੱਸਿਆ ਦੇ ਹੱਲ ਲਈ ਬਚਕਾਨੇ ਵਿਵਹਾਰ ਉਤਰ ਜਾਣਾ ਕੀ ਕਹਾਉਂਦਾ ਹੈ।

ੳ. ਪ੍ਰਤਿਗਮਨ (Regression)

ਅ. ਵਿਸਥਾਪਨ (Displacement)

ੲ. ਪਲਿਨਵਾਦ (Plainism)

ਸ. ਘਾਟਾ ਪੂਰਤੀ (Compensation)

118. ਸਿਹਤ ਦੀ ਕੇਂਦਰੀ ਪਰਿਸ਼ਦ ਦੀ ਸਥਾਪਨਾ ਕਦੋ ਹੋਈ ਸੀ।

ੳ. 1952 ਅ. 1953

ੲ. 1960 ਸ. 1962

119. ਪਾਣੀ ਵਿੱਚ ਘੁੱਲਣ ਵਾਲਾ ਵਿਟਾਮਿਨ ਇਹਨਾ ਵਿੱਚੋ ਕਿਹੜਾ ਹੈ।

ੳ. Vitamin A　　ਅ. Vitamin B

ੲ. Vitamin D　　ਸ. Vitamin K

120. ਸਿਹਤ ਦੇ ਰੱਖ ਰਖਾਉ ਅਤੇ ਸੰਭਾਲ ਲਈ ਕੀ ਜਰੂਰੀ ਹੈ।

ੳ. ਉਚਿਤ ਪੋਸ਼ਣ

ਅ. ਸਿਹਤਮੰਦ ਵਾਤਾਵਰਣ

ੲ. ਪ੍ਰਤਿਰੱਖਣ

ਸ. ਉਪਰੋਕਤ ਸਾਰੇ

121. ਹੇਠ ਲਿਖਿਆ ਵਿੱਚੋ ਕਿਹੜਾ MPHW ਦਾ ਕੰਮ ਨਹੀ ਹੈ।

ੳ. ਬਿਮਾਰੀ ਦੀ ਨਿਗਰਾਨੀ ਅਤੇ ਰਿਪੋਰਟਿੰਗ

ਅ. ਐਮਰਜੈਂਸੀ ਡਾਕਟਰੀ ਦੇਖਭਾਲ ਪ੍ਰਦਾਨ ਕਰਨਾ

ੲ. ਅੰਤਰ- ਰਾਸ਼ਟਰੀ ਨੀਤੀਆ ਬਣਾਉਣਾ

ਸ. ਸਵੱਛਸਤਾ ਅਤੇ ਸੈਨੀਟੈਸ਼ਨ ਬਾਰੇ ਪ੍ਰਚਾਰ ਕਰਨਾ

122. ਦਿਲ ਦਾ ਕਿਹੜਾ ਹਿੱਸਾ ਸਰੀਰ ਤੋ ਡੀਆਕਸੀਜਨ ਰਹਿਤ ਖੂਨ ਪ੍ਰਾਪਤ ਕਰਦਾ ਹੈ।

ੳ. ਖੱਬਾ ਐਟ੍ਰੀਅਮ　　ਅ. ਸੱਜਾ ਐਟ੍ਰੀਅਮ

ੲ. ਖੱਬਾ ਵੈਟ੍ਰਿਕਲ　　ਸ. ਸੱਜਾ ਵੈਟ੍ਰਿਕਲ

123. ਹੇਠ ਲਿੱਖਿਆਂ ਵਿੱਚੋ ਕਿਹੜਾ ਮਾਨਸਿਕ ਸਿਹਤ ਦੀ ਵਿਸ਼ੇਸਤਾ ਨਹੀ ਹੈ।

ੳ. ਗੰਭੀਰ ਚਿੰਤਾ

ਅ. ਖੁਦ ਦੀ ਸਕਾਰਾਤਮਕ ਭਾਵਨਾ

ੲ. ਪ੍ਰਭਾਵੀ ਸਮਾਯੋਜਨ ਹੁਨਰ

ਸ. ਹਾਸਾ- ਮਜਾਕ

124. ਵਿਸ਼ਵ ਟੀ. ਬੀ. ਦਿਵਸ ਕਦੋ ਮਨਾਇਆ ਜਾਂਦਾ ਹੈ।

ੳ. 22 ਫਰਵਰੀ

ਅ. 24 ਮਾਰਚ

ੲ. 24 ਅਪ੍ਰੈਲ

ਸ. 25 ਜਨਵਰੀ

125. ਮਰੀਜਾ ਅਤੇ ਸਿਹਤ ਕਰਮਚਾਰੀਆਂ ਵਿਚਕਾਰ ਡਿਜੀਟਲ ਸੰਚਾਰ ਨੂੰ ਬਿਹਤਰ ਬਣਾਉਣ ਲਈ ਭਾਰਤ ਸਰਕਾਰ ਦੁਆਰਾ ਸਤੰਬਰ 2025 ਵਿੱਚ ਕਿਹੜੀ ਨਵੀ ਡਿਜੀਟਲ ਪਹਿਲ ਕਦਮੀ ਸ਼ੁਰੂ ਕੀਤੀ ਗਈ ਸੀ ।

ੳ. ਈ- ਸਿਹਤ ਸੰਚਾਰ

ਅ. ਡਿਜੀਟਲ ਸੰਪਰਕ ਸੇਵਾਵਾਂ

ੲ. ਈ- ਨਿਰੋਗ

ਸ. ਸਿਹਤ ਸੰਵਾਦ

126. ਕਿਸ ਮੰਤਰਾਲੇ ਵੱਲੋਂ ਰਾਸ਼ਟਰੀ ਟੈਲੀ ਮਾਨਸਿਕ ਸਿਹਤ ਪ੍ਰੋਗਰਾਮ ਟੈਲੀ- ਮਾਨਸ ਦੀ ਸ਼ੁਰੂਆਤ ਕੀਤੀ ਹੈ।

ੳ. ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ

ਅ. ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ

ੲ. ਸਮਾਜਿਕ ਨਿਆ ਅਤੇ ਅਧਿਕਾਰਤਾ ਮੰਤਰਾਲਾ

ਸ. ਗ੍ਰਹਿ ਮੰਤਰਾਲਾ

127. ਵਿਸ਼ਵ ਸਿਹਤ ਸੰਗਠਨ ਨੇ ਸਾਲ 2025 ਵਿੱਚ ਕਿਸ ਬਿਮਾਰੀ ਦੇ ਖਾਤਮੇ ਲਈ ਇੱਕ ਨਵਾਂ ਗਲੋਬਲ ਪ੍ਰੋਗਰਾਮ ਸ਼ੁਰੂ ਕੀਤਾ ਹੈ।

ੳ. ਟੀ.ਬੀ. (ਤਪਦਿਕ)　　ਅ. ਪੋਲੀਓ

ੲ. ਮਲੇਰੀਆਂ　　ਸ. ਚੇਚਕ

128. ਖੂਨ ਵਗਣ ਦੀ ਸਥਿਤੀ ਵਿੱਚ ਸਭ ਤੋ ਪਹਿਲਾਂ ਕੀ ਕੀਤਾ ਜਾਣਾ ਚਹੀਦਾ ਹੈ।

ੳ. ਜਖਮ ਨੂੰ ਸਾਫ ਪਾਣੀ ਨਾਲ ਧੋਵੋਂ

ਅ. ਜਖਮ ਤੇ ਸਿੱਧ ਦਬਾਅ (Direct Pressure) ਪਾਓ

ੲ. ਜਖਮ ਤੇ ਬਰਫ (ICE) ਲਗਾਓ

ਸ. ਪੀੜਤ ਨੂੰ ਬਿਠਾਓ

129. ਦਿਲ ਦਾ ਦੌਰਾ ਪੈਣ ਦੇ ਕੀ ਲੱਛਣ ਹਨ।

ੳ. ਖੱਬੇ ਪਾਸੇ ਛਾਤੀ ਵਿੱਚ ਦਰਦ, ਕਮਜੋਰੀ, ਪਸੀਨਾ ਆਉਣਾ

ਅ. ਸਿਰ ਦਰਦ ਅਤੇ ਉਲਟੀਆਂ, ਦਸਤ

ੲ. ਸ਼ਰੀਰ ਤੇ ਲਾਲ ਧੱਬੇ

ਸ. ਸਿਰ ਦਾ ਚੱਕਰ ਆਉਣਾ

130. ਭਾਰਤ ਵਿੱਚ ਮਾਂ ਪ੍ਰੋਗਰਾਮ ਦਾ ਉਦੇਸ਼ ਕੀ ਹੈ

ੳ. ਬੱਚਿਆਂ ਨੂੰ ਵਿਦਿਅਕ ਸਹਾਇਤਾ ਪ੍ਰਦਾਨ ਕਰਨਾ

ਅ. ਮਾਵਾਂ ਅਤੇ ਬੱਚਿਆ ਨੂੰ ਟੀਕਾਕਰਨ ਦੀ ਸੇਵਾ ਦੇਣਾ

ੲ. ਸੁਰੱਖਿਅਤ ਅਤੇ ਸਫਲਤਾਪੂਰਵਕ ਜਣੇਪੇ ਨੂੰ ਯਕੀਨੀ ਬਣਾਉਣਾ

ਸ. ਦੁੱਧ ਚੁੰਘਾਉਣ ਦੀ ਪ੍ਰਥਾ ਨੂੰ ਉਤਸ਼ਾਹਿਤ ਕਰਨਾ

131. ਕਿਸ ਉਮਰ ਵਿੱਚ ਬੱਚਾ ਸਹਾਰੇ ਨਾਲ ਖੜਾ ਹੋ ਸਕਦਾ ਹੈ।

ੳ. 1-2 ਮਹੀਨੇ ਵਿੱਚ ਅ. 5-6 ਮਹੀਨੇ ਵਿੱਚ

ੲ. 11-12 ਮਹੀਨੇ ਵਿੱਚ ਸ. 2 ਸਾਲ ਵਿੱਚ

132. ਸਟ੍ਰੋਕ ਦਾ ਸਭ ਤੋ ਆਮ ਲੱਛਣ ਕੀ ਹੈ।

ੳ. ਖੰਘ, ਛਾਤੀ ਚ ਰੇਸ਼ਾ

ਅ. ਤੇਜ ਬੁਖਾਰ ਅਤੇ ਕੰਬ ਕੰਬਹਾਟ

ੲ. ਚਿਹਰੇ, ਬਾਂਹ ਜਾ ਲੱਤ ਵਿੱਚ ਅਚਾਨਕ ਕਮਜੋਰੀ ਜਾਂ ਸੁੰਨ ਹੋਣਾ

ਸ. ਪੇਟ ਵਿੱਚ ਦਰਦ ਹੋਣਾ

133. ਲਕਵੇ ਦੇ ਇਲਾਜ ਲਈ, "ਗੋਲਡਨ ਆਵਰ", ਸੁਨਹਿਰੀ ਘੰਟਾ ਕੀ ਹੁੰਦਾ ਹੈ।

ੳ. ਲਕਵੇ ਦੇ ਪਹਿਲੇ 10 ਮਿੰਟ ਤੋ ਪਹਿਲਾ ਦਾ ਸਮਾਂ

ਅ. ਲਕਵੇ ਤੋ ਬਾਅਦ ਪਹਿਲੇ 01 ਘੰਟਾ, ਜਦੋ ਇਲਾਜ ਸਭ ਤੋ ਪ੍ਰਭਾਵਸ਼ਾਲੀ ਹੁੰਦਾ ਹੈ।

ੲ. ਲਕਵੇ ਤੋ ਬਾਅਦ ਦਾ ਪੂਰਾ ਦਿਨ (24 ਘੰਟੇ)

ਸ. ਲਕਵੇਂ ਤੋ ਬਾਅਦ ਰਾਤ ਦੇ ਸੋਣ ਦਾ ਇੱਕ ਘੰਟਾ

134. ਦੁੱਧ ਵਿੱਚ ਸਟਾਰਚ ਦੀ ਮਿਲਾਵਟ ਦਾ ਪਤਾ ਕਿਵੇਂ ਲਗਾਇਆ ਜਾ ਸਕਦਾਂ ਹੈ।

ੳ. ਬੇਨੇਡਿਕਟ ਦਾ ਟੈਸਟ (Benedict Test)

ਅ. ਆਇਉਡੀਨ ਟੈਸਟ (Iodine Test)

ੲ. ਲਿਟਮਜ ਟੈਸਟ (Litmus Test)

ਸ. ਬਾਇਉਰੇਟ ਟੈਸਟ (Biuret Test)

135. "ਸਾਈਲੈਂਟ ਕਿਲਰ" ਕਿਸ ਨੂੰ ਕਿਹਾ ਜਾਂਦਾ ਹੈ।

ੳ. ਅਨੀਮੀਆ ਅ. ਹਾਈਪਰਟੈਂਸ਼ਨ

ੲ. ਡਾਇਬੀਟੀਜ ਸ. ਮਾਈਗਰੇਨ

136. ਤਨਾਅ ਅਤੇ ਚਿੰਤਾ ਨਾਲ ਨਿਜੱਠਣ ਦਾ ਸਿਹਤਮੰਦ ਤਰੀਕਾ ਕੀ ਹੈ।

ੳ. ਸਮੱਸਿਆਵਾਂ ਤੋ ਭਜਣਾ

ਅ. ਸੰਗੀਤ ਸੁਣਨਾਂ ਜਾਂ ਕਸਰਤ ਕਰਨਾ

ੲ. ਸਾਰਾ ਦਿਨ ਸੋਣਾ

ਸ. ਇਕੱਲੇ ਰਹਿਣਾ

137. ਔਟਿਜਮ ਸਪੈਕਟ੍ਰਮ ਡਿਸਆਰਡਰ (Autism spectrum disorder) ਤੋ ਪੀੜਤ ਬੱਚਿਆਂ ਵਿੱਚ ਆਮ ਤੋਰ ਤੇ ਕਿਹੜੇ ਲੱਛਣ ਦੇਖੇ ਜਾਂਦੇ ਹਨ।

ੳ. ਬੋਲਣ ਦੇ ਵਿਕਾਸ ਵਿੱਚ ਦੇਰੀ

ਅ. ਦੂਜਿਆ ਨਾਲ ਅਸਾਨੀ ਨਾਲ ਗੱਲਬਾਤ ਕਰਨਾ

ੲ. ਹਮੇਸ਼ਾ ਦੂਜਿਆਂ ਦੀਆ ਭਾਵਨਾਵਾਂ ਨੂੰ ਸਮਝਣਾ

ਸ. ਅੱਖਾ ਦੇ ਸੰਪਰਕ ਨੂੰ ਤਰਜੀਹ ਦੇਣਾ

138. ਪ੍ਰਾਇਮਰੀ ਹੈਲਥ ਕੇਅਰ ਦਾ ਮੁੱਖ ਉਦੇਸ਼ ਕੀ ਹੈ।

ੳ. ਸਿਰਫ ਗੰਭੀਰ ਬਿਮਾਰੀਆਂ ਦਾ ਇਲਾਜ ਕਰਨਾ

ਅ. ਸਿਹਤ ਅਤੇ ਤੰਦਰੁਸਤੀ ਸੇਵਾਵਾਂ ਨੂੰ ਕੰਮਿਉਨਿਟੀ ਦੇ ਨੇੜੇ ਲਿਆਉਣਾ

ੲ. ਸਿਰਫ ਪਿੰਡਾਂ ਵਿੱਚ ਸੇਵਾਵਾਂ ਪ੍ਰਦਾਨ ਕਰਨਾ

ਸ. ਸਿਰਫ ਮਹਿੰਗੀਆਂ ਦਵਾਈਆਂ ਮੁਹੱਇਆ ਕਰਵਾਉਣਾ

139. NRHM ਅਧੀਨ ਪੇਂਡੂ ਪੱਧਰ ਤੇ ਕੰਮ ਕਰਨ ਵਾਲੀ ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨ ਦਾ ਨਾਮ ਕੀ ਹੈ।

ੳ. ਆਸ਼ਾ (Asha)

ਅ. ਆਂਗਣਵਾੜੀ ਵਰਕਰ

ੲ. ਪਟਵਾਰੀ

ਸ. ਉਸ਼ਾ (USHA)

140. "ਗਰੀਬੀ ਹਟਾਉ" ਦਾ ਨਾਅਰਾ ਕਿਸ ਪੰਜ ਸਾਲਾ ਯੋਜਨਾ ਦੋਰਾਨ ਦਿੱਤਾ ਗਿਆ ਸੀ।

ੳ. ਚੋਥੀ ਯੋਜਨਾ

ਅ. ਪੰਜਵੀ ਯੋਜਨਾ

ੲ. ਛੇਵੀ ਯੋਜਨਾ

ਸ. ਸੱਤਵੀ ਯੋਜਨਾ

# ANSWER KEY

**Recruitment test conducted on 09/11/2025 for post of Multipurpose Health Worker (Female) under Department of Health and Family Welfare, Govt. of Punjab vide Advt. no. BFU-25/21**

**Part A**

| | | | |
|---|---|---|---|
| 1 | ਅ | 26 | ਅ |
| 2 | ਸ | 27 | ਸ |
| 3 | ਅ | 28 | ੲ |
| 4 | ਅ | 29 | ੳ |
| 5 | ਸ | 30 | ਅ |
| 6 | ੳ | 31 | ੲ |
| 7 | ਅ | 32 | ੲ |
| 8 | ੳ | 33 | ਅ |
| 9 | ਸ | 34 | ਅ |
| 10 | ਸ | 35 | ਅ |
| 11 | ੲ | 36 | ਸ |
| 12 | ੳ | 37 | ਅ |
| 13 | ੲ | 38 | ੳ |
| 14 | ਅ | 39 | ੳ |
| 15 | ੲ | 40 | ਅ |
| 16 | ੲ | 41 | ੲ |
| 17 | ੳ | 42 | ਅ |
| 18 | ਸ | 43 | ੳ |
| 19 | ਅ | 44 | ੲ |
| 20 | ੲ | 45 | ਸ |
| 21 | ਅ | 46 | ੲ |
| 22 | ਅ | 47 | ਅ |
| 23 | ਸ | 48 | ਅ |
| 24 | ੳ | 49 | ੳ |
| 25 | ੳ | 50 | ਸ |

**Part B**

| | | | | | | | |
|---|---|---|---|---|---|---|---|
| 51 | C | 76 | D | 101 | A | 126 | B |
| 52 | D | 77 | A | 102 | B | 127 | B |
| 53 | B | 78 | B | 103 | A | 128 | B |
| 54 | B | 79 | C | 104 | D | 129 | A |
| 55 | D | 80 | B | 105 | D | 130 | D |
| 56 | C | 81 | A | 106 | B | 131 | C |
| 57 | B | 82 | A | 107 | C | 132 | C |
| 58 | B | 83 | C | 108 | B | 133 | B |
| 59 | B | 84 | C | 109 | B | 134 | B |
| 60 | B | 85 | A | 110 | B | 135 | B |
| 61 | B | 86 | B | 111 | B | 136 | B |
| 62 | A | 87 | C | 112 | A | 137 | A |
| 63 | B | 88 | A | 113 | B | 138 | B |
| 64 | C | 89 | B | 114 | C | 139 | A |
| 65 | C | 90 | D | 115 | B | 140 | B |
| 66 | B | 91 | C | 116 | C | | |
| 67 | A | 92 | B | 117 | A | | |
| 68 | A | 93 | B | 118 | A | | |
| 69 | B | 94 | B | 119 | B | | |
| 70 | B | 95 | C | 120 | D | | |
| 71 | D | 96 | B | 121 | C | | |
| 72 | C | 97 | C | 122 | B | | |
| 73 | B | 98 | C | 123 | A | | |
| 74 | A | 99 | A | 124 | B | | |
| 75 | A | 100 | A | 125 | C | | |